
# ਅੰਮ੍ਰਿਤ ਕੀਰਤਨ


ਮਈ 2014




Courtesy : fatgirl2fitgirl.com

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



# ਪੈਂਤੀ ਅੱਖਰੀ-ਕਾਫ਼ੀਆਂ

## ਬ

ਬੋਲੀ ਸੱਚ ਦੀ ਕਹਿਣੀ,
ਹੈਗਾ ਇਹੀਓ ਰਸਤਾ ਚੰਗਾ ਹੂ।

ਝੂਠਾ, ਕਪਟੀ, ਦੰਭੀ ਬੰਦਾ,
ਰਹਿੰਦਾ ਸਦਾ ਨਿਕੰਮਾ ਹੂ।

ਮਿੱਠਾ ਬੋਲ ਤੇ ਨਿੰਵ ਕੇ ਰਹਿਣਾ
ਰੱਬ ਪਾਸੋਂ ਇਹੋ ਮੰਗਾਂ ਹੂ।

ਸੰਤੋਖ ਹੋਵੇ ਜੇ ਰੱਬ ਦਾ ਬੰਦਾ,
ਮੂਲੋਂ ਕੁਝ ਨਾ ਮੰਗਾਂ ਹੂ।

ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ
**ਸ: ਹਰਚੰਦਨ ਸਿੰਘ**

- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

ਚੰਦੇ ਦਾ ਵੇਰਵਾ
- ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
  ਜੀਵਨ ਮੈਂਬਰ 1500 ਰੁ.
- ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £
- 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com


## ਇਸ ਅੰਕ ਵਿਚ


ਕਰਉ ਬੇਨੰਤੀਆ - ਗੁਰਮੁਖਿ ਜਨਮ ਸਵਾਰੁ 5

**ਗੁਰਮਤਿ ਸੰਗੀਤ ਵਿਚ ਰਾਗ ਆਸਾ**
ਡਾ. ਗੁਰਨਾਮ ਸਿੰਘ 7

**ਅੰਮ੍ਰਿਤ ਫਲ ਤਿਨ ਜਨ ਕਉ ਲਾਗੇ ਜੋ ਬੋਲਹਿ ਅੰਮ੍ਰਿਤ ਬਾਤਾ ਹੇ** 10
ਬਬਲੀ ਐੱਸ ਸਿੰਘ

ਜੀਵਨ ਸੁਚੱਜ-2 14
ਡਾ. ਕਰਨੈਲ ਸਿੰਘ ਸੋਮਲ

ਗੁਰੂ ਅਤੇ ਰਾਗ, ਸਿੱਖ ਅਤੇ ਨਿਯਮ
ਕਰਮ ਸਿੰਘ ਰਤਨ 16

**कीर्तनकार के रूप में गुरू नानक देव जी**
**डॉ. प्रेम मच्छाल** **20**

ਸੁਰ ਲਿਪੀ 25

ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ 26



**ਮਾਇਕ ਸਹਾਇਤਾ ਭੇਜਣ ਦੀ ਕ੍ਰਿਪਾ ਕਰੋ ਜੀ**

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**

# ✉ ਮਿਤ੍ਰ ਅਸਾਡੜੇ ਸੇਈ

We commend your efforts and hard work in producing our valuable "AMRIT KIRTAN". After going through it I place it in my local Gurdwara for the benefit of all.

We have all praise for it. Just a small point: Please give the POST CODE or P.I.N. to complete the postal address.

For example, please see the current issue of April 2014. On page 6 at the top there is NO postcode or P.I.N. of Kalgidhar Trust. You have indeed given the URL (web site) and also their e-mail. What is needed in the case of EVERY address is the P.I.N. (postcode in the case of UK) and the e-mail address.

Secondly, we are alarmed to note that there is hardly any COTTAGE OR SMALL SCALE INDUSTRY IN (EAST) PUNJAB. Any other country on earth of similar size, like South Korea, Taiwan, Belgium or even Singapore, is a giant PRODUCTION HOUSE. People are busy PRODUCING, MANUFACTURING besides going to church for prayers. There is balance in worship and hard work.

There seem two reasons for this MISFORTUNE:

1. The ill Will of the Centre who wish to keep states impoverished, dependent and ignorant.
2. The sleepy nature of the local leaders, too, who are more concerned with their own families than the public at large. It is pathetic to see the Sikh youth roaming aimless and jobless in towns and villages. The situation would be different if the ministers and commissioners regarded these youth as their OWN CHILDREN.

Who will spread the culture of MANUFACTURE in our forsaken "Guruan di Dharti"? Best regards

Rajinder Singh, UK

# ਗੁਰਮੁਖਿ ਜਨਮ ਸਵਾਰੁ


ਮੇਰਾ ਦੋਸਤ ਡਾ. ਗੁਰਮੁਖ ਸਿੰਘ ਅਕਾਲ ਚਲਾਣਾ ਕਰ ਗਿਆ। ਮੈਂ ਜਦੋਂ ਦਸਵੀਂ ਕਰਕੇ ਗਿਆਨੀ ਕਰ ਰਿਹਾ ਸਾਂ ਉਦੋਂ ਉਸ ਨਾਲ ਮੇਰਾ ਸੰਪਰਕ ਪ੍ਰੋ: ਮੇਵਾ ਸਿੰਘ ਸਿੱਧੂ ਦੇ ਘਰ ਹੋਇਆ। ਮੇਵਾ ਸਿੰਘ ਉਦੋਂ ਐਸ. ਜੀ. ਪੀ. ਸੀ. ਵਿਚ ਪ੍ਰਚਾਰਕ ਵਜੋਂ ਸੇਵਾ ਕਰ ਰਿਹਾ ਸੀ ਤੇ ਮੈਂ ਕੀਰਤਨੀਏ ਵਜੋਂ ਨੌਕਰੀ ਕਰਦਾ ਸਾਂ। ਅਸੀਂ 'ਵਾਇਆ ਬਠਿੰਡਾ' ਪੜ੍ਹਾਈ ਕਰਨ ਦਾ ਜਤਨ ਕਰ ਰਹੇ ਸਾਂ। ਗੁਰਮੁਖ ਸਿੰਘ ਮੇਰੇ ਨਾਲੋਂ 2 ਸਾਲ ਵੱਡਾ ਸੀ। ਉਹ ਅੱਗੇ ਅੱਗੇ ਚਲ ਰਿਹਾ ਸੀ ਅਤੇ ਮੈਨੂੰ ਪਿੱਛੇ ਪਿੱਛੇ ਆਪਣੇ ਨਾਲ ਲਿਜਾ ਰਿਹਾ ਸੀ। ਉਸ ਨੂੰ ਪਤਾ ਨਹੀਂ ਮੇਰੇ ਵਿਚੋਂ ਕੀ ਲੱਭਾ, ਮੈਨੂੰ ਆਪਣੇ ਨਾਲ ਆਪਣੇ ਘਰ ਲੈ ਆਇਆ। ਅਸੀਂ ਰਲ ਕੇ ਪੜ੍ਹਨ ਲੱਗ ਪਏ। ਸਾਨੂੰ ਦੋਹਾਂ ਨੂੰ ਇਕ ਦੂਜੇ ਦੀ ਵਿਦਵਤਾ ਤੇ ਮਿਹਨਤ ਉੱਪਰ ਮਾਣ ਸੀ। ਸਾਨੂੰ ਇਹ ਪਤਾ ਸੀ ਅਸੀਂ ਜੀਨੀਅਸ ਨਹੀਂ ਹਾਂ ਪਰ ਮਿਹਨਤੀ ਹਾਂ ਅਤੇ ਕਈ ਵਾਰ ਕਿਹਾ ਜਾਂਦਾ ਹੈ ਬੰਦਾ ਕਾਮਯਾਬ ਹੋਣ ਲਈ 2% ਜੀਨੀਅਸ ਅਤੇ 98% ਮਿਹਨਤੀ ਹੋਣਾ ਚਾਹੀਦਾ ਹੈ। ਐੱਮ. ਏ. ਪੰਜਾਬੀ ਕਰਦਿਆਂ ਡਾ. ਗੁਰਮੁਖ ਸਿੰਘ, ਪ੍ਰੋ: ਮੋਹਨ ਸਿੰਘ, ਸੰਤ ਸਿੰਘ ਸੇਖੋਂ, ਡਾ. ਗੁਰਚਰਨ ਸਿੰਘ, ਡਾ. ਹਰਚਰਨ ਸਿੰਘ, ਡਾ. ਰਤਨ ਸਿੰਘ ਜੱਗੀ ਹੋਰਾਂ ਦੇ ਸੰਪਰਕ ਵਿਚ ਆਇਆ। ਉਹ ਸਾਰਿਆਂ ਨੂੰ ਬੜੀ ਸ਼ਰਧਾ ਨਾਲ ਮਿਲ ਕੇ ਉਹਨਾਂ ਦੇ ਗੁਣਾਂ ਨੂੰ ਗ੍ਰਹਿਣ ਕਰਨ ਦਾ ਯਤਨ ਕਰਦਾ ਸੀ। ਡਾ. ਰਤਨ ਸਿੰਘ ਜੱਗੀ ਹੋਰਾਂ ਦਾ ਉਹ ਬੜਾ ਸੁਹਿਰਦ ਸ਼ਾਗਿਰਦ ਬਣਿਆ ਅਤੇ ਫਿਰ ਉਹਨਾਂ ਵਾਲੀ ਖੋਜ ਵਿਧੀ ਅਨੁਸਾਰ ਲਿਖਣ ਵੱਲ ਪੈ ਗਿਆ। ਜਦੋਂ ਉਸ ਦਾ ਪਹਿਲਾ ਲੇਖ 'ਸਾਹਿਤ ਸਮਾਚਾਰ' ਵਿਚ ਛਪਿਆ ਸੀ ਤਾਂ ਅਸੀਂ ਕਾਰਨਰ ਹੋਟਲ ਵਿਚ ਡਿਨਰ ਕਰਕੇ ਪਾਰਟੀ ਕੀਤੀ ਸੀ।

ਇਸ ਸਮੇਂ ਸਾਡੇ ਪਰਿਵਾਰਾਂ ਵਿਚ ਅਨੇਕਾਂ ਉਤਰਾਅ ਚੜ੍ਹਾਅ ਆਏ। ਪਰਿਵਾਰਕ ਮਜਬੂਰੀਆਂ ਕਾਰਨ ਸਾਡਾ ਵਿਛੋੜਾ ਪੈ ਗਿਆ। ਉਹ ਸਰੀਰਕ ਦੂਰੀਆਂ ਨੂੰ ਬੜੀ ਛੇਤੀ ਮਾਨਸਿਕ ਦੂਰੀਆਂ ਸਮਝਣ ਲੱਗ ਪੈਂਦਾ ਸੀ। ਹੁਣ ਉਹ ਬਹੁਤਾ ਸਮਾਂ ਉਦਾਸੀ ਦੇ ਆਲਮ ਵਿਚ ਰਹਿੰਦਾ ਸੀ। ਇਸ ਸਮੇਂ ਉਸਨੇ ਆਪਣੇ ਆਪ ਵੀ ਪੂਰੀ ਤਰ੍ਹਾਂ ਲਿਖਣ ਨੂੰ ਸਮਰਪਿਤ ਕਰ ਦਿੱਤਾ ਸੀ।

ਉਸ ਨੇ ਅਨੇਕਾਂ ਵਿਦਵਾਨ ਬਣਾਏ, ਅਨੇਕਾਂ ਬਹੁਮੁਲੀਆਂ ਪੁਸਤਕਾਂ ਪੰਜਾਬੀ ਸਾਹਿਤ ਨੂੰ ਦਿੱਤੀਆਂ। ਉਸਦੀਆਂ ਰਚਨਾਵਾਂ ਪੰਜਾਬੀ ਯੂਨੀਵਰਸਿਟੀ, ਭਾਸ਼ਾ ਵਿਭਾਗ, ਸਿੰਘ ਬ੍ਰਦਰਜ਼, ਪੰਜਾਬੀ ਪਲੀਕੇਸ਼ਨ ਆਦਿ ਨੇ ਬੜੇ ਮਾਣ ਨਾਲ ਛਪਵਾਈਆਂ।

ਪਰ ਜਿਹੜੀ ਬੇਰੁਖੀ ਭਾਸ਼ਾ ਵਿਭਾਗ, ਪੰਜਾਬੀ ਯੂਨੀਵਰਸਿਟੀ ਅਤੇ ਹੋਰ ਸੰਸਥਾਵਾਂ ਨੇ ਉਸ ਪ੍ਰਤੀ ਰੱਖੀ ਉਹ ਅਸਹਿ ਹੈ। ਉਸ ਦਾ ਦੋਸਤ ਗਿ: ਸੰਤੋਖ ਸਿੰਘ ਆਸਟਰੇਲੀਆ ਵਾਲਾ ਜਦੋਂ ਵੀ ਉਸ ਦੇ ਘਰ ਆਉਂਦਾ, ਉੱਚੀ ਆਵਾਜ਼ ਲਗਾ ਕੇ ਕਹਿੰਦਾ, 'ਗੁਰਮੁਖ ਜਨਮ ਸਵਾਰ ਦਰਗਹ ਚਲਿਆ।... ਘਰੇ ਹੀ ਹੈ।" ਅਤੇ ਅੱਜ ਡਾ. ਗੁਰਮੁਖ ਸਿੰਘ ਸੱਚੀ ਮੁੱਚੀ ਆਪਣਾ ਜਨਮ ਸਫਲਾ ਕਰਕੇ ਦਰਗਾਹ ਵਿਚ ਚਲਾ ਗਿਆ। ਉਸ ਦੇ ਸ਼ਰਧਾਂਜਲੀ ਸਮਾਗਮ ਬਾਰੇ ਪੰਜਾਬੀ ਟ੍ਰਿਬਿਊਨ ਵਿਚ ਛਪੀ ਇਸ ਖਬਰ ਤੋਂ ਇਹ ਸੱਚਾਈ ਪ੍ਰਤੱਖ ਦਿਸਦੀ ਹੈ।

**ਲੇਖਕ ਗੁਰਮੁਖ ਸਿੰਘ ਨੂੰ ਸ਼ਰਧਾਂਜਲੀਆਂ :** ਪੰਜਾਬੀ ਦੇ ਲੇਖਕ ਡਾ. ਗੁਰਮੁਖ ਸਿੰਘ ਦੀ ਅੰਤਿਮ ਅਰਦਾਸ



ਅਤੇ ਸ਼ਰਧਾਂਜਲੀ ਸਮਾਰੋਹ ਸਥਾਨਕ ਗੁਰਦੁਆਰਾ ਸਾਹਿਬ ਦਸਮੇਸ਼ ਨਗਰ- ਏ ਵਿਖੇ ਹੋਇਆ। ਸਵਰਗੀ ਲੇਖਕ ਦੇ ਭੋਗ ਮੌਕੇ ਹੀ ਅੱਜ ਉਹਨਾਂ ਦੀ ਛਪੀ ਪੁਸਤਕ 'ਮੇਰੇ ਵੱਡੇ ਵਡੇਰੇ' ਸਾਹਿਤਕਾਰਾਂ ਸਰਵਸ੍ਰੀ ਡਾ. ਅਮਰ ਕੋਮਲ, ਡਾ. ਰਘਬੀਰ ਸਿੰਘ ਅਤੇ ਡਾ. ਦਰਸ਼ਨ ਸਿੰਘ ਆਸ਼ਟ ਵੱਲੋਂ ਉਹਨਾਂ ਦੇ ਪਰਿਵਾਰ ਨੂੰ ਭੇਟ ਕੀਤੀ ਗਈ। ਇਸ ਮੌਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸ਼ੋਕ ਸੰਦੇਸ਼ ਭੇਜ ਕੇ ਸਵ: ਡਾ. ਗੁਰਮੁਖ ਸਿੰਘ ਦੀ ਪਤਨੀ ਸ੍ਰੀਮਤੀ ਪਰਮਿੰਦਰ ਕੌਰ ਅਤੇ ਪੁੱਤਰੀ ਸ੍ਰੀਮਤੀ ਪ੍ਰਭਜੋਤ ਕੌਰ ਨਾਲ ਦੁੱਖ ਸਾਂਝਾ ਕੀਤਾ।

ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹਾ ਲੋਕ ਸੰਪਰਕ ਅਫਸਰ ਇਸ਼ਵਿੰਦਰ ਸਿੰਘ ਗਰੇਵਾਲ, ਭਾਸ਼ਾ ਵਿਭਾਗ ਪੰਜਾਬ ਵੱਲੋਂ ਵਧੀਕ ਡਾਇਰੈਕਟਰ ਚੇਤਨ ਸਿੰਘ, ਸੇਵਾ ਮੁਕਤ ਕਮਿਸ਼ਨਰ ਇਨਕਮ ਟੈਕਸ ਬੀ. ਐੱਸ. ਰਤਨ, ਉੱਘੇ ਸਾਹਿਤਕਾਰ ਡਾ. ਰਤਨ ਸਿੰਘ ਜੱਗੀ, ਗੁਰਸ਼ਰਨ ਕੌਰ ਜੱਗੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੁਰਮਤਿ ਸੰਗੀਤ ਵਿਭਾਗ ਦੇ ਮੁਖ ਡਾ. ਗੁਰਨਾਮ ਸਿੰਘ, ਡਾ. ਰਘਬੀਰ ਸਿੰਘ ਤੇ ਡਾ. ਜਾਗੀਰ ਸਿੰਘ, ਚੰਡੀਗੜ੍ਹ, ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਡਾ. ਗੁਲਜ਼ਾਰ ਸਿੰਘ ਕੰਗ, ਡਾ. ਜੇ. ਪੀ. ਐੱਸ. ਭੂਪਾਲ, ਪ੍ਰੋ: ਵਾਸਦੇਵ ਸਿੰਘ ਜੋਸ਼ੀ, ਡਾ. ਧਰਮ ਸਿੰਘ, ਡਾ. ਕੁਲਦੀਪ ਸਿੰਘ, ਡਾ. ਸਵਰਾਜ ਸਿੰਘ, ਡਾ. ਸੁਰਜੀਤ ਸਿੰਘ ਖੁਰਮਾ, ਸੁਰਿੰਦਰ ਕੌਰ, ਸੇਵਾ ਮੁਕਤ ਪ੍ਰਿੰਸੀਪਲ ਆਈ. ਐੱਸ. ਟਿਵਾਣਾ, ਜ਼ਿਲ੍ਹਾ ਫਾਇਰ ਅਫਸਰ ਜਤਿੰਦਰਪਾਲ ਸਿੰਘ, ਸਹਾਇਕ ਡਾਇਰੈਕਟਰ ਭਾਸ਼ਾ ਵਿਭਾਗ, ਸ੍ਰੀਮਤੀ ਬਲਜਿੰਦਰ ਕੌਰ ਜੋਸ਼ੀ, ਸ੍ਰੀਮਤੀ ਪ੍ਰਭਜੋਤ ਸਿੰਘ, ਸਤਿੰਦਰ ਨੰਦਾ ਅਤੇ ਡਾ. ਬਲਜਿੰਦਰ ਸਿੰਘ ਤੋਂ ਇਲਾਵਾ ਵੱਡਾ ਗਿਣਤੀ ਵਿਚ ਸਾਹਿਤਕਾਰ ਸਮਜਾਜਿਕ, ਧਾਜਰਮਿਕ ਅਤੇ ਰਾਜਨੀਤਕ ਜਥਬੰਦੀਆਂ ਦੇ ਨੁਮਾਇੰਦੇ, ਰਿਸ਼ਤੇਦਾਰਾਂ ਅਤੇ ਦੋਸਤਾਂ ਨੇ ਵਿਛੜੀ ਆਤਮਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਸੇਵਾਪੰਥੀ ਮਹੰਤ ਕਾਹਨ ਸਿੰਘ ਗੋਨਿਆਣਾ ਮੰਡੀ ਵੱਲੋਂ ਕਰਨੈਲ ਸਿੰਘ ਨੇ ਪਰਿਵਾਰ ਨੂੰ ਦਸਤਾਰ ਭੇਟ ਕੀਤੀ।



# ਗੁਰਮਤਿ ਸੰਗੀਤ ਵਿਚ ਰਾਗ ਆਸਾ

* ਡਾ. ਗੁਰਨਾਮ ਸਿੰਘ

ਰਾਗ ਆਸਾ ਸਬੰਧੀ ਗਿਆਨ ਰਤਨਾਵਲੀ ਵਿਚ ਅੰਕਿਤ ਇਕ ਪ੍ਰਸੰਗ ਇਸ ਪ੍ਰਕਾਰ ਹੈ, "... ਤਾਂ ਫਿਰ ਸ਼ੇਖ਼ ਬ੍ਰਹਮ ਕਹਿਆ ਕਿ ਜੋ ਜੀ ਢਾਡੀ ਰਾਜਿਓਂ ਕੀ ਵਾਰ ਗਾਵਤੇ ਹੈਂ, ਅਰ ਕਾਇਰਾਂ ਮੇਂ ਭੀ ਉੱਦਮ ਹੋਇ ਆਵਤਾ ਹੈ। ਤੈਸੇ ਹੀ ਜੋ ਮਹਾਰਾਜ ਕੀ ਵਾਰ ਗਾਵਤੇ ਹੈਂ, ਤਾਂ ਮਹਾਰਾਜ ਭੀ ਪ੍ਰਸੰਨ ਹੋਤੇ ਹੈਂ, ਤਿਨੇਂ ਭੀ ਇੰਦਰੀਓਂ ਕੇ ਜੀਤਨੇ ਕਾ ਉੱਦਮ ਹੋਇ ਆਵਤਾ ਹੈ, ਤਾਂ ਤੇ ਤੁਸੀਂ ਭੀ ਮੈਨੂੰ ਕਾਈ ਪਰਮੇਸਰ ਕੀ ਵਾਰ ਸੁਣਾਵੋ, ਤਾਂ ਬਾਰੇ ਕਹਿਆ ਮਰਦਾਨਿਆ ਕਬੀਰ ਜੀ ਨੇ ਗਉੜੀ ਕੀ ਅਰ ਸਿੱਧੋਂ ਨੇ ਰਾਮਕਲੀ ਕਾ ਰਾਗ ਅੰਗੀਕਾਰ ਕੀਆ ਹੈ। ਅਰ ਹਮਾਰੇ ਸਭ ਹੀ ਰਾਗ ਹੈਂ, ਪਰ ਇਹ ਪੀਰ ਆਸਾਵੰਤੀ ਆਇਆ ਹੈ, ਸੋ ਆਸਾ ਕੇ ਰਾਗ ਕੀ ਵਾਰ ਵਿਚ ਵਾਰ ਸੁਣਾਵਹੁ।"

ਉਕਤ ਪ੍ਰਸੰਗ ਤੋਂ ਸੰਤਾਂ ਭਗਤਾਂ ਤੇ ਭਾਰਤੀ ਧਰਮ ਸੰਪਰਦਾਵਾਂ ਵਿਚ ਰਾਗ ਦੇ ਬਹੁਪੱਖੀ ਪ੍ਰਯੋਗ ਤੇ ਮਹੱਤਵ ਸਾਡੇ ਧਿਆਨ ਗੋਚਰ ਹਨ। ਗੁਰੂ ਸਾਹਿਬ ਨੇ ਰਾਗ ਦੀ ਅਪਾਰ ਸ਼ਕਤੀ ਦਾ ਸਦਉਪਯੋਗ ਕਰਦਿਆਂ ਆਪਣੀ ਇਲਾਹੀ ਬਾਣੀ ਦੇ ਪ੍ਰਵਾਹ ਤੇ ਸੰਚਾਰ ਲਈ ਭਰਪੂਰ ਰੂਪ ਵਿਚ ਕੀਤਾ ਹੈ। ਗੁਰੂ ਸਾਹਿਬਾਨ ਦੀ ਸੰਗੀਤ ਪਰੰਪਰਾ ਗੁਰਮਤਿ ਸੰਗੀਤ ਵਿਚ ਆਸਾ ਇਕ ਪ੍ਰਮੁਖ ਰਾਗ ਹੈ। ਸਦੀਆਂ ਤੋਂ ਅੰਮ੍ਰਿਤ ਵੇਲੇ ਰਾਗ ਆਸਾ ਵਿਚ ਆਸਾ ਦੀ ਵਾਰ ਦੀਆਂ ਮਧੁਰ ਸੁਰਾਵਲੀਆਂ ਅਤੇ ਸੰਧਿਆ ਸਮੇਂ ਰਹਿਰਾਸ ਸਾਹਿਬ ਦੇ ਪਾਠ ਤੋਂ ਪਹਿਲਾਂ ਸੋਦਰੁ ਦੀ ਪਉੜੀ ਦਾ ਗਾਇਨ ਸ਼ਬਦ ਕੀਰਤਨ ਪ੍ਰੇਮੀਆਂ ਦੇ ਚੇਤਨ ਅਵ-ਚੇਤਨ ਦਾ ਅਨਿਖੜ ਅੰਗ ਹੈ। ਇਸ ਪਰੰਪਰਾ ਵਿਚ ਗੁਰਮਤਿ ਸੰਗੀਤ ਵਿਚ ਇਸ ਰਾਗ ਦਾ ਬਹੁਪੱਖੀ ਪ੍ਰਯੋਗ ਦ੍ਰਿਸ਼ਟੀਗੋਚਰ ਹੁੰਦਾ ਹੈ ਜਿਸ ਤੋਂ ਇਸ ਸੰਗੀਤ ਪਰੰਪਰਾ ਇਸ ਰਾਗ ਦੇ ਮਹੱਤਵ ਨੂੰ ਭਲੀਭਾਂਤ ਉਜਾਗਰ ਕਰਦਾ ਹੈ। ਇਸ ਰਾਗ ਦਾ ਸਬੰਧ 'ਅਸ' ਦੇਸ਼ ਨਾਲ ਮੰਨਿਆ ਗਿਆ ਹੈ। 'ਅਸ' ਦੇਸ ਦੇ ਟੁੰਡੇ ਅਸ ਰਾਜੇ ਦੀ ਵਾਰ ਦੀ ਧੁਨੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਆਸਾ ਦੀ ਵਾਰ' ਉਤੇ ਸਿਰਲੇਖ ਵਜੋਂ ਦਰਸਾਈ ਗਈ ਹੈ ਜੋ ਇਸ ਅੰਤਰ ਸਬੰਧ ਦਾ ਪ੍ਰਤੱਖ ਪ੍ਰਮਾਣ ਹੈ। ਟੁੰਡੇ ਅਸ ਰਾਜੇ ਦੀ ਵਾਰ ਦਾ ਮੂਲ ਕਾਵਿ ਕੁਝ ਇਸ ਪ੍ਰਕਾਰ ਹੈ:

ਭਬਕਿਓ ਸ਼ੇਰ ਸਰਦੂਲ ਰਾਇ ਰਣ ਮਾਰੂ ਵੱਜੇ।
ਖਾਨ ਸੁਲਤਾਨ ਬਡ ਸੂਰਮੇ ਵਿੱਚ ਰਣ ਦੇ ਗੱਜੇ।
ਖਤ ਲਿਖੇ ਟੁੰਡੇ ਅਸਰਾਜ ਨੂੰ ਪਾਤਸ਼ਾਹ ਅੱਜੇ।
ਟਿਕਾ ਸਾਰੰਗ ਬਾਪ ਨੇ ਦਿਤਾ ਭਰ ਲੱਜੇ।
ਫਤੇ ਪਾਇ ਅਸਰਾਇ ਜੀ ਸ਼ਾਹੀ ਘਰ ਸੱਜੇ।

ਇਸੇ ਕਾਵਿਕ ਪੈਟਰਨ 'ਤੇ ਆਸਾ ਦੀ ਵਾਰ ਦੀ ਪਉੜੀ ਇਸ ਪ੍ਰਕਾਰ ਹੈ:

ਪਉੜੀ ॥ ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ ॥
.....................................................

ਕਰਿ ਆਸਣੁ ਡਿਠੋ ਚਾਉ ॥੧॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੪੬੩)

ਇਨ੍ਹਾਂ ਦੀ ਕਾਵਿਕ ਸਮਰਸਤਾ ਨੂੰ ਆਸਾ ਦੀ ਵਾਰ ਉਪਰ ਧੁਨੀ ਸਿਰਲੇਖ ਲਿਖਕੇ ਗਾਇਨ ਵਿਚ ਸਮਸੁਰਤਾ ਪ੍ਰਦਾਨ ਕੀਤੀ ਗਈ ਹੈ। ਗੁਰਮਤਿ ਸੰਗੀਤ ਵਿਚ ਰਾਗ ਆਸਾ ਦੀ ਭਾਲ ਲਈ ਇਹ ਇਕ ਅਹਿਮ ਸਰੋਤ ਹੈ।

ਪੰਜਾਬ ਦੇ ਲੋਕ ਗੀਤਾਂ ਤੇ ਪੂਰਨ ਭਗਤ ਦੇ ਕਿੱਸੇ ਵਿਚ ਇਸ ਰਾਗ ਦਾ ਮੁਹਾਂਦਰਾਂ ਤੇ ਸੁਰਾਵਲੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ। ਗੁਰਮਤਿ ਸੰਗੀਤ, ਲੋਕ ਸੰਗੀਤ ਤੋਂ ਬਿਨਾਂ ਸੂਫ਼ੀ ਸੰਗੀਤ ਵਿਚ ਇਸ ਰਾਗ ਦਾ ਖੂਬ ਪ੍ਰਚਲਨ ਹੈ। ਸੂਫ਼ੀ ਸੰਤਾਂ ਵਿਚ ਸ਼ੇਖ ਫਰੀਦ ਤੇ ਸ਼ਾਹ ਹੁਸੈਨ ਦੀ ਬਾਣੀ ਦਾ ਇਹ ਵਿਸ਼ੇਸ਼ ਸ਼ਿੰਗਾਰ ਹੈ।

ਗੁਰਮਤਿ ਸੰਗੀਤ ਦੀ ਮਰਿਆਦਤ ਕੀਰਤਨ ਪਰੰਪਰਾ ਵਿਚ ਆਸਾ ਰਾਗ ਸਵੇਰ ਤੋਂ ਸ਼ਾਮ ਦੋਵੇਂ ਸਮੇਂ ਗਾਇਆ ਜਾਂਦਾ ਹੈ ਜੋ ਗੁਰਮਤਿ ਸੰਗੀਤ ਨੂੰ ਭਾਰਤੀ ਸੰਗਤਿ ਦੇ ਸ਼ਾਸਤਰੀ ਸੰਗੀਤ ਦੇ ਸਮਾਂ ਸਿਧਾਂਤ ਤੋਂ ਦੀਆਂ ਵਲਗਣਾ ਤੋਂ ਮੁਕਤ ਕਰ ਸ਼ਬਦ ਪ੍ਰਧਾਨਤਾ ਤੇ ਸ਼ਬਦ ਨੇ ਗੁਰਮਤਿ ਸਿਧਾਂਤ ਦੇ ਲੜ੍ਹ ਲਾਉਂਦਾ ਹੈ। ਆਸਾ ਰਾਗ ਵਿਚ ਸਵੇਰ ਸਮੇਂ ਆਸਾ ਦੀ ਵਾਰ ਦੀ ਚੌਂਕੀ ਅਤੇ ਸ਼ਾਮ ਸਮੇਂ ਸੋਦਰ ਦੀ ਚੌਕੀ ਦਾ ਗਾਇਨ ਕੀਤਾ ਜਾਂਦਾ ਹੈ। ਇਹ ਦੋਵੇਂ ਕੀਰਤਨ ਚੌਕੀਆਂ ਹਰ ਕੀਰਤਨੀ ਕੀਰਤਨ ਲਈ ਬੁਨਿਆਦੀ ਤੌਰ 'ਤੇ ਲਾਜ਼ਮੀ ਹਨ। ਇਸ ਲਈ ਕੀਰਤਨ ਲਈ ਇਨ੍ਹਾਂ ਕੀਰਤਨ ਚੌਕੀਆਂ ਤੇ ਰਾਗ ਆਸਾ ਦੀ ਸਿਖਲਾਈ ਵੀ ਬੁਨਿਆਦੀ ਮਹੱਤਵ ਰਖਦਾ ਹੈ। ਗੁਰਮਤਿ ਸੰਗੀਤ ਸਿਖਿਆ ਪ੍ਰਣਾਲੀ ਵਿਚ ਮੁਢਲੇ ਰਾਗਾਂ ਵਿਚ ਆਸਾ ਦੀ ਸਿਖਲਾਈ ਹੀ ਕਰਵਾਈ ਜਾਂਦੀ ਹੈ।

ਰਾਜਸਥਾਨ ਵਿਚ ਮਾਂਡ ਦਾ ਵਧੇਰੇ ਪ੍ਰਚਾਰ ਹੈ ਜਿਸ ਦਾ ਸੁਰਾਤਮਕ ਸਰੂਪ ਰਾਗ ਆਸਾ ਨਾਲ ਮਿਲਦਾ ਹੈ ਪਰੰਤੂ ਸੁਰਾਤਮਕ ਚਲਨ ਦੀ ਭਿੰਨਤਾ ਕਰਕੇ ਇਹ ਇਸ ਨਾਲ ਅਲੱਗ ਹੋ ਜਾਂਦਾ ਹੈ। ਆਸਾ ਰਾਗ ਦਾ ਕੀਰਤਨ ਪਰੰਪਰਾ ਵਿਚ ਭਾਵੇਂ ਇਕ-ਇਕ ਪ੍ਰਮਾਣਿਕ ਸਰੂਪ ਹੀ ਪ੍ਰਚਾਰ ਅਧੀਨ ਹੈ ਪਰ ਕਿਤੇ ਅਵਰੋਹ ਵਿਚ ਕੋਮਲ ਨਿਸ਼ਾਦ ਸੁਰ ਵਾਲਾ ਸਰੂਪ ਵੀ ਸੁਣਨ ਨੂੰ ਮਿਲਦਾ ਹੈ ਜਿਸ ਦਾ ਜ਼ਿਕਰ ਸੰਗੀਤਾਚਾਰੀਆ ਕੰਵਰ ਮ੍ਰਿਗੇਂਦਰ ਸਿੰਘ ਨੇ ਆਪਣੀ ਪੁਸਤਕ ਵਾਦਨ ਸਾਗਰ ਭਾਗ ਦੂਜਾ ਵਿਚ ਕੀਤਾ ਹੈ। ਇਸ ਤੋਂ ਇਲਾਵਾ ਹੋਰ ਸਰੂਪ ਵੀ ਪ੍ਰਾਪਤ ਹੁੰਦੇ ਹਨ ਜਿਸ ਦੀ ਜਾਤੀ ਔੜਵ-ਸੰਪੂਰਨ ਹੈ। ਇਸ ਦੇ ਅਵਰੋਹ ਵਿਚ ਕੋਮਲ ਨਿਸ਼ਾਦ ਦੀ ਵਰਤੋਂ ਕੀਤੀ ਗਈ ਹੈ। ਰਾਗ ਆਸਾ ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਦੇ, ਅਸ਼ਟਪਦੀਆਂ, ਬਿਰਹੜੇ, ਛੰਤ, ਵਾਰ, ਪੱਟੀ ਰਚਨਾਵਾਂ ਦਰਜ ਹਨ। ਇਸ ਰਾਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ।

ਇਸ ਤੋਂ ਇਲਾਵਾ ਆਸਾ ਰਾਗ ਵਿਚ ਭਗਤ ਕਬੀਰ ਜੀ, ਨਾਮਦੇਵ ਜੀ, ਰਵਿਦਾਸ ਜੀ, ਧੰਨਾ ਜੀ, ਸ਼ੇਖ ਫਰੀਦ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ। ਆਸਾ ਦੀ ਵਾਰ ਵਿਚਲੇ ਸਲੋਕਾਂ ਵਿਚ ਗੁਰੂ ਅੰਗਦ ਦੇਵ ਜੀ ਦੇ ਸਲੋਕ ਵੀ ਦਰਜ ਹਨ। ਆਸਾ ਰਾਗ ਪੰਨਾ 347 ਤੋਂ 488 ਤੱਕ ਦਰਜ ਹਨ। ਰਾਗ ਆਸਾ ਵਿਚ ਗੁਰੂ ਅਰਜਨ ਦੇਵ ਜੀ ਦੀਆਂ ਪੰਜ ਪੜਤਾਲ ਰਚਨਾਵਾਂ ਵੀ ਵਿਸ਼ੇਸ਼ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੁੱਖ 31 ਰਾਗਾਂ ਦੇ ਅੰਤਰਗਤ ਵੱਖ-ਵੱਖ ਰਾਗ ਪ੍ਰਕਾਰਾਂ ਦਾ ਪ੍ਰਯੋਗ ਵੀ ਮਿਲਦਾ ਹੈ। ਰਾਗ ਆਸਾ ਅਧੀਨ ਆਸਾ ਕਾਫੀ, ਆਸਾਵਰੀ ਤੇ ਆਸਾਵਰੀ ਸੁਧੰਗ ਦੇ ਰਾਗ ਅੰਕਿਤ ਮਿਲਦੇ ਹਨ। ਰਾਗ ਆਸਾ ਕਾਫੀ, ਆਸਾ ਤੇ ਕਾਫੀ ਦੋ ਰਾਗਾਂ ਦਾ ਸੁਮੇਲ ਹੈ ਜਿਸ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਰਜ ਹੈ। ਇਸ ਤਰ੍ਹਾਂ ਆਸਾਵਰੀ ਭਾਰਤੀ ਸੰਗੀਤ ਵਿਚ ਸੁਤੰਤਰ ਰਾਗ ਹੈ। ਸੰਗੀਤ ਵਿਧਾਨ ਨੂੰ ਪ੍ਰਗਟਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੱਖ-ਵੱਖ ਸੰਗੀਤਕ ਸੰਕੇਤ ਸਿਰਲੇਖ ਵੀ ਦਿਤੇ ਗਏ ਹਨ ਜਿਨ੍ਹਾਂ ਵਿਚ ਸੰਕੇਤ 'ਸੁਧੰਗ' ਹੈ ਜਿਹੜਾ ਰਾਗ ਆਸਾਵਰੀ ਦੇ ਨਾਲ ਲਾਇਆ ਗਿਆ ਹੈ। ਇਥੇ 'ਆਸਾਵਰੀ ਸੁਧੰਗ'

ਤੋਂ ਭਾਵ ਸ਼ੁਧ ਅੰਗ ਦੀ ਆਸਾਵਰੀ ਹੈ ਜਿਸਨੂੰ ਰਾਗ ਨਿਰਣਾਇਕ ਕਮੇਟੀ (ਬਾਨੀ ਸੰਤ ਸੁੱਚਾ ਸਿੰਘ ਮੁਖੀ ਪੰਡਤ ਦਲੀਪ ਚੰਦਰ ਵੇਦੀ) ਨੇ ਵਰਤਮਾਨ ਸਮੇਂ ਹੀ ਕੋਮਲ ਰਿਸ਼ਭ ਆਸਾਵਰੀ ਮੰਨੀ ਹੈ ਜੋ ਸ਼ੁੱਧ ਅੰਗ ਦੀ ਆਸਾਵਰੀ ਆਖੀ ਜਾਂਦੀ ਰਹੀ ਹੈ। ਆਸਾਵਰੀ ਸੁਧੰਗ ਵਿਚ ਗੁਰੂ ਰਾਮਦਾਸ ਜੀ ਦੀ ਬਾਣੀ ਦਰਜ ਹੈ।

ਰਾਗ ਆਸਾ ਕੀਰਤਨੀਆਂ ਵਿਚ ਸਭ ਤੋਂ ਮਕਬੂਲ ਰਾਗ ਹੈ। ਸਾਰੇ ਕੀਰਤਨੀਆਂ ਨੇ ਇਸ ਨੂੰ ਆਪੋ ਆਪਣੇ ਅੰਦਾਜ਼ ਵਿਚ ਬਾਖੂਬੀ ਗਾਇਆ ਹੈ। ਰਬਾਬੀਆਂ ਵਿਚ ਭਾਈ ਚਾਂਦ, ਭਾਈ ਲਾਲ ਨੇ ਇਸ ਰਾਗ ਨੂੰ ਭਰਪੂਰ ਰੂਪ ਵਿਚ ਗਾਇਆ ਹੈ ਜਿਸ ਦੀਆਂ ਕੁਝ ਵੰਨਗੀਆਂ ਪੰਜਾਬੀ ਯੂਨੀਵਰਸਿਟੀ ਦੀ ਵੈਬਸਾਈਟ www.gurmatsangeetpup.com ਤੇ ਵੇਖੀ ਜਾ ਸਕਦੀਆਂ ਹਨ। ਭਾਈ ਸਮੁੰਦ ਸਿੰਘ ਨੇ ਇਸ ਰਾਗ ਨੂੰ ਬਾਖੂਬੀ ਪ੍ਰਮਾਣਿਕ ਰੂਪ ਵਿਚ ਗਾਇਆ ਹੈ ਅਤੇ ਇਸ ਤੋਂ ਇਲਾਵਾ ਇਸ ਰਾਗ ਨੂੰ ਭਾਈ ਸਮੁੰਦ ਸਿੰਘ, ਭਾਈ ਬਖਸ਼ੀਸ਼ ਸਿੰਘ, ਭਾਈ ਬਲਬੀਰ ਸਿੰਘ, ਭਾਈ ਧਰਮ ਸਿੰਘ, ਭਾਈ ਅਵਤਾਰ ਸਿੰਘ, ਪ੍ਰੋ. ਕਰਤਾਰ ਸਿੰਘ,ਡਾ. ਗੁਰਨਾਮ ਸਿੰਘ, ਸੰਤ ਨਿਰੰਜਨ ਸਿੰਘ ਜਵੱਦੀ, ਪ੍ਰੋ. ਪਰਮਜੋਤ ਸਿੰਘ, ਭਾਈ ਸ਼ਮਸ਼ੇਰ ਸਿੰਘ, ਭਾਈ ਨਰਿੰਦਰ ਸਿੰਘ, ਭਾਈ ਕੁਲਤਾਰ ਸਿੰਘ, ਬੀਬੀ ਜਸਵਿੰਦਰ ਕੌਰ ਆਦਿ ਨੇ ਬਾਖੂਬੀ ਗਾਇਆ ਹੈ ਅਤੇ ਇਨ੍ਹਾਂ ਦੀ ਰਿਕਾਰਡਿੰਗ www.gurmatsangeetpup.com, www.gurmatsangeetlibrary.com, www.sikh-relics.com, www.sewageorgia.org, www.jawadditaksal.org, www.sikhsangeet.com, www.vismaadnaad.org, www.youtube.com ਆਦਿ ਵੈਬਸਾਈਟਾਂ 'ਤੇ ਸੁਣੀ ਜਾ ਸਕਦੀਆਂ ਹਨ।

ਗੁਰਮਤਿ ਸੰਗੀਤ ਦੀਆਂ ਸੁਰਲਿਪੀ ਬੱਧ ਰਚਨਾਵਾਂ ਦੇ ਵਿਰਾਸਤੀ ਭੰਡਾਰ ਵਿਚ ਇਸ ਰਾਗ ਅਧੀਨ ਲਗਪਗ ਸਾਰੇ ਹੀ ਸ਼ਬਦ ਕੀਰਤਨ ਰਚਨਾਕਾਰਾਂ ਨੇ ਇਸ ਰਾਗ ਵਿਚ ਰਚਨਾਵਾਂ ਤਿਆਰ ਕੀਤੀਆਂ ਹਨ। ਵੀਹਵੀਂ ਸਦੀ ਤਕ ਪ੍ਰਕਾਸ਼ਤ ਰਚਨਾਵਾਂ ਵਿਚ ਲਗਪਗ ਸਾਰੇ ਪ੍ਰਮੁਖ ਰਚਨਾਕਾਰ ਦੀਆਂ ਇਸ ਰਾਗ ਵਿਚ ਸ਼ਬਦ ਕੀਰਤਨ ਰਚਨਾਵਾਂ ਉਪਲੱਬਧ ਹੁੰਦੀਆਂ ਹਨ। ਜਿਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ : ਸ. ਗਿਆਨ ਸਿੰਘ ਐਬਟਾਬਾਬਦ ਨੇ ਪੁਸਤਕ ਗੁਰਬਾਣੀ ਸੰਗੀਤ ਵਿਚ ਇਸ ਰਾਗ ਅਧੀਨ ਭਾਈ ਤਾਬਾ ਦੀਆਂ ਕੁਝ ਬੰਦਸ਼ਾਂ ਵੀ ਦਿਤੀਆਂ ਹਨ।

ਗੁਰਮਤਿ ਸੰਗੀਤ ਦਾ ਰਾਗ ਆਸਾ ਵਿਚ ਗਾਇਨ ਖੋਜ ਤੇ ਵਿਸਥਾਰ ਦੀਆਂ ਅਨੇਕ ਸੰਭਾਵਨਾਵਾਂ ਜੋ ਕੀਰਤਨੀਆਂ, ਸਿਖਿਆਰਥੀਆਂ, ਖੋਜਾਰਥੀਆਂ ਨੂੰ ਪ੍ਰਮਾਣਿਕ ਗੁਰਮਤਿ ਸੰਗੀਤ ਸਿਖਿਆ ਲਈ ਬਹੁਤ ਢੁਕਵੀਂ ਮਿਸਾਲ ਤੇ ਸੰਗੀਤ ਮਾਧਿਅਮ ਹੈ।

* ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ

**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਅੰਮ੍ਰਿਤ ਫਲ ਤਿਨ ਜਨ ਕਉ ਲਾਗੇ ਜੋ ਬੋਲਹਿ ਅੰਮ੍ਰਿਤ ਬਾਤਾ ਹੇ

ਬਬਲੀ ਐੱਸ. ਸਿੰਘ

ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੈ ਸਿਰਫ ਆਪਣਾ ਇਸ਼ਟ ਤੇ ਗੁਰੂ ਹੀ ਨਹੀਂ ਮੰਨਦੀ ਸਗੋਂ ਆਪਣਾ ਸਭ ਕੁਝ ਮੰਨਦੀ ਹਾਂ। ਜ਼ਿੰਦਗੀ ਦੀ ਹਰ ਗੱਲ ਮੈਂ ਗੁਰੂ ਗ੍ਰੰਥ ਸਾਹਿਬ ਨਾਲ ਹੀ ਸਾਂਝੀ ਕੀਤੀ ਹੈ। ਗੁਹਜ ਗੱਲ।

ਇਸ ਵਿਚ ਹੈਰਾਨਗਰੀ ਦੀ ਗੱਲ ਕੋਈ ਨਹੀਂ ਕਿ ਅੱਜ ਤਾਂ ਐੱਮ. ਏ. ਐੱਮ. ਫਿੱਲ, ਪੀਐੱਚ. ਡੀ. ਪੜ੍ਹ ਕੇ ਕੋਈ ਲੇਖਕ ਬਣਦਾ ਹੈ ਕੋਈ ਕਵੀ ਬਣਦਾ ਹੈ ਕੋਈ ਉੱਚੀਆਂ ਪਦਵੀਆਂ 'ਤੇ ਪਹੁੰਚਦਾ ਹੈ ਪਰ ਗੁਰੂ ਗ੍ਰੰਥ ਸਾਹਿਬ ਵਿਚ ਜੋ ਧੁਰ ਕੀ ਬਾਣੀ ਦੇ ਅਣਮੋਲ ਰਤਨਾਂ ਦਾ ਸਾਗਰ ਹੈ ਇਸ ਨੂੰ ਲਿਖਣ ਵਾਲੇ ਸਾਡੇ ਸਾਰੇ ਗੁਰੂ ਸਾਹਿਬਾਨ, ਭਗਤ ਕਿਸੇ ਯੂਨੀਵਰਸਿਟੀ ਜਾਂ ਕਾਲਿਜ ਨਹੀਂ ਪੜ੍ਹਨ ਗਏ ਇਹ ਤਾਂ ਅਕਾਲ ਪੁਰਖ ਦੀ ਧੁਰੋਂ ਭੇਜੀ ਬਾਣੀ ਹੈ ਜੋ ਉਹਨਾਂ ਦੇ ਮੁਖਾਰ ਬਿੰਦ ਤੋਂ ਉਚਰੀ ਤੇ ਅੱਜ ਸਾਡੇ ਕੋਲ ਇਹ ਖਜ਼ਾਨਾ "ਵਾਹੁ ਵਾਹੁ ਬਾਣੀ ਨਿਰੰਕਾਰ ਹੈ। ਤਿਸੁ ਜੇਵਡ ਅਵਰਿ ਨ ਕੋਇ॥ "

ਮੇਰੇ ਅਨੁਸਾਰ Guru Granth Sahib is not a holy divine Book but its a Akal University of moral education, moral sciences too.

ਇਸ ਵਿਚ ਗੁਰੂ ਸਾਹਿਬਾਨ ਹੀ ਨਹੀਂ ਚਮੜਾ ਗੰਢਣ ਵਾਲੇ ਰਵਿਦਾਸ ਜੀ ਨੇ ਵੀ ਉਹ ਡੂੰਘੀਆਂ ਰਮਜ਼ਾਂ ਲਿਖ ਦਿੱਤੀਆਂ ਹਨ ਤੇ ਸੂਤ ਕੱਤਣ ਵਾਲੇ ਕਬੀਰ ਨੇ ਵੀ ਉਸ ਅਕਾਲ ਦੀ ਉਸਤਤ ਤੇ ਜ਼ਿੰਦਗੀ ਦੀਆਂ ਸੱਚਾਈਆਂ ਲਿਖੀਆਂ। ਸਧਨਾਂ ਸੈਣ ਵਰਗੇ ਤੇ ਛੀਬਾਂ ਭਗਤ ਨਾਮਦੇਵ ਨੇ ਵੀ ਸਾਨੂੰ ਸੱਚੇ ਮਾਰਗ 'ਤੇ ਚੱਲਣ ਦਾ ਰਾਹ ਦਿਖਾਇਆ। ਆਮ ਇਨਸਾਨ ਤੋਂ ਬਹੁਤ ਉੱਚਾ ਉੱਠਣ ਦੀ ਪ੍ਰੇਰਣਾ ਦਿੱਤੀ। ਅਫਸੋਸ ਤਾਂ ਇਹ ਹੈ ਕਿ ਅਸੀਂ ਸਿਰਫ ਰਟੇ ਰਟਾਏ ਬਾਣੀ ਪੜ੍ਹੀ ਜਾਂਦੇ ਹਾਂ। ਆਪਣੇ ਆਪ ਨੂੰ ਨਿਤਨੇਮੀ ਅਖਵਾਂਦੇ ਹਾਂ ਪਰ ਅੰਦਰ ਕੁਝ ਨਹੀਂ ਪਾਇਆ। ਬਾਣੀ ਨੂੰ ਜੀਵਨ ਦਾ ਆਧਾਰ ਨਹੀਂ ਬਣਾਇਆ। ਇਕ ਕਣ ਵੀ ਅੰਦਰ ਨਹੀਂ ਗਿਆ। ਇਕ ਕਣ ਵੀ ਅੰਦਰ ਪਾ ਲਿਆ ਹੁੰਦਾ ਤਾਂ "ਮਾਨੁਖ ਤੇ ਦੇਵਤੇ ਭਏ" ਵਾਲੀ ਘਟਨਾ ਵਾਪਰ ਜਾਂਦੀ। ਪਰ ਸਾਡੀ ਸਮਝ ਬੜੀ ਛੋਟੀ ਹੈ।

ਕਹਿੰਦੇ ਨੇ ਕਲਾਸ ਵਿਚ ਅਧਿਆਪਕ ਜਦੋਂ ਪੜ੍ਹਾ ਰਿਹਾ ਹੋਏ ਉਸ ਲਈ ਸਭ ਵਿਦਿਆਰਥੀ ਇਕੋ ਜਿਹੇ ਹੁੰਦੇ ਹਨ। ਪਰ ਜੋ ਅਧਿਆਪਕ ਦਾ ਕਹਿਣਾ ਮੰਨਦਾ ਹੈ ਉਹ ਬਹੁਤ ਪਿਆਰਾ ਲਗਦਾ ਹੈ ਅਧਿਆਪਕ ਨੂੰ। ਤੇ ਜੋ ਉਸ ਦੇ ਬਾਰ ਬਾਰ ਕਹਿਣ ਤੇ ਵੀ ਆਖੇ ਨਹੀਂ ਲਗਦਾ ਉਸਨੂੰ ਰੋਜ਼ ਹੀ ਸਜ਼ਾ ਮਿਲਦੀ ਹੈ। ਇਹੀ ਸਿਲਸਿਲਾ ਸਾਡੇ ਤੇ ਗੁਰੂ ਦੇ ਰਿਸ਼ਤੇ ਵਿਚ ਹੈ। ਜੋ ਮਨੁੱਖ ਕਠੋਰ ਚਿੱਤ ਹੋ ਜਾਂਦੇ ਹਨ ਉਹ ਦਾਤੇ ਨੂੰ ਨਹੀਂ ਭਾਉਂਦੇ। ਕਠੋਰਤਾ ਮਾੜੇ ਕਰਮਾਂ ਦੀ ਸਜ਼ਾ ਹੈ। ਕਠੋਰ ਮਨੁੱਖ ਹਰ ਵੇਲੇ ਦੂਜਿਆਂ ਨੂੰ ਦੁੱਖ ਦਿੰਦਾ ਹੈ ਤੇ ਆਪ ਵੀ ਦੁਖੀ ਰਹਿੰਦਾ ਹੈ।

ਅੱਜ ਅਸੀਂ ਦੁਖੀ ਹਾਂ, ਰੁਲ ਰਹੇ ਹਾਂ, ਸਿਰਫ ਇਸ ਲਈ ਕਿਉਂਕਿ ਅਸੀਂ ਗੁਰੂ ਦੇ ਕਹੇ ਅਨੁਸਾਰ ਨਹੀਂ ਚਲਦੇ। ਪਿਤਾ ਪਰਮੇਸ਼ਰ ਸਾਨੂੰ ਸ਼ਾਂਤ, ਸਹਿਜ ਤੇ ਪਵਿੱਤਰ ਨਾਮ ਦੇ ਅੰਮ੍ਰਿਤ ਭਰੀ ਜ਼ਿੰਦਗੀ ਬਿਤਾਂਦੇ ਦੇਖਣਾ ਚਾਹੁੰਦੇ ਹਨ ਪਰ ਅਸੀਂ ਕੋਈ ਨਾ ਕੋਈ ਬਿਖ, ਦਿਲ ਵਿਚ ਰੱਖੀ ਬੈਠੇ ਹਾਂ। ਅੱਜ ਅਸੀਂ ਇਸ University of moral Education ਵਿਚੋਂ ਇਕ ਥੀਮ "ਕਰੋਧ" ਤੇ ਫਿੱਕਾ ਬੋਲਣ ਬਾਰੇ ਗੁਰਬਾਣੀ ਅਨੁਸਾਰ ਵਿਚਾਰ ਕਰਦੇ ਹਾਂ। ਗੁਰਬਾਣੀ ਤਾਂ "ਮਿਠਾ ਬੋਲਣ ਨਿਵ ਚਲਣ" ਦਾ ਉਪਦੇਸ਼ ਦਿੰਦੀ ਹੈ। ਫਿੱਕਾ ਬੋਲਣ ਨੂੰ ਕੌੜੇ ਸੁਭਾਅ ਨੂੰ ਬਾਰ ਬਾਰ Condemn ਕਰਦੀ ਹੈ, ਪਰ ਅਸੀਂ ਤਾਂ ਬਹੁਤ ਵਾਰੀ ਕੌੜਾ ਬੋਲਦੇ ਹਾਂ। ਸਾਡੇ ਬੋਲ ਹੀ ਨਹੀਂ ਸੋਚ ਤੇ ਫੁਰਨੇ ਵੀ ਅੰਮ੍ਰਿਤ ਭਰੇ ਹੋਣੇ ਚਾਹੀਦੇ ਹਨ। ਪਰ ਅਸੀਂ ਤਾਂ ਈਰਖਾ, ਵੈਰ, ਵਿਰੋਧ ਤੇ ਬਿਖ ਨਾਲ ਭਰੀ ਜ਼ਿੰਦਗੀ ਬਿਤਾਂਦੇ ਹਾਂ।

ਮਨਮੁਖ ਸਦ ਹੀ ਕੂੜੋ ਬੋਲੈ, ਬਿਖੁ ਬੀਜੈ ਬਿਖੁ ਖਾਏ॥ 753

ਤੇ ਫਿਰ ਇਹ ਬਿਖੁ ਜੋ ਅਸੀਂ ਖਾ ਰਹੇ ਹਾਂ ਇਹ ਸਾਡੇ ਸਰੀਰ, ਆਤਮਾ ਤੇ ਜ਼ਿੰਦਗੀ ਵਿਚ ਨੁਕਸਾਨ ਪਹੁੰਚਾਉਂਦਾ ਹੈ। ਕੂੜ ਬੋਲਣ ਵਾਲੇ :

ਆਪ ਡੁਬੇ ਸਗਲੇ ਕੁਲ ਡੋਬੇ, ਕੂੜ ਬੋਲਿ ਬਿਖੁ ਖਾਵਣਿਆ॥ 124

ਜਦੋਂ ਕਿ ਗੁਰੂ ਮਹਾਰਾਜ ਸਾਡੇ ਤੋਂ ਕੀ ਚਾਹੁੰਦੇ ਹਨ:

ਅੰਮ੍ਰਿਤ ਫਲ ਤਿਨ ਜਨ ਕਉ ਲਾਗੈ ਜੋ ਬੋਲੈ ਅੰਮ੍ਰਿਤ ਬਾਤਾ ਹੇ॥ 1051

ਕਰੋਧੀ ਤੇ ਕਠੋਰਚਿਤ ਮਨੁੱਖ ਨੂੰ ਪ੍ਰਭ ਪਿਆਰ ਨਹੀਂ ਦਿੰਦਾ ਕਿਉਂਕਿ ਉਹ ਪ੍ਰਭੂ ਦੇ ਬੱਚਿਆਂ ਨੂੰ ਦੁੱਖ ਦੇ ਰਿਹਾ ਹੁੰਦਾ ਹੈ। ਜਦੋਂ ਅਸੀਂ ਕਰੋਧ ਵਿਚ ਦੂਜੇ ਨੂੰ ਦੁੱਖ ਪਹੁੰਚਾਉਂਦੇ ਹਾਂ ਬਦਲੇ ਵਿਚ ਅਸੀਂ ਆਪ ਵੀ ਦੁੱਖ ਪਾਂਦੇ ਹਾਂ ਕਿਉਂਕਿ "ਜੋ ਬੀਜੈ ਸੋ ਖਾਵੈ" ਤੇ ਗੁਰੂ ਸਾਹਿਬ ਕਹਿੰਦੇ ਨੇ "ਦਿੱਤਾ ਲੇਵੈ ਆਪਣਾ ਅਣਦਿਤਿਆ ਕਿਛੁ ਹਥਿ ਨ ਆਵੈ।"

ਇਥੇ ਸਮਝਣ ਦੀ ਕੋਸ਼ਿਸ਼ ਕਰੋ:

**ਘੜੀ ਮੁਹਤ ਕਾ ਲੇਖਾ ਲੇਵੈ ਰਤੀਅਹੁ ਮਾਸਾ ਤੋਲ ਕਢਾਵਣਿਆ**

ਫਿਰ ਸਾਨੂੰ ਸਮਝ ਕਿਉਂ ਨਹੀਂ ਆਉਂਦੀ ਕਿ ਗੁਰੂ ਨੂੰ ਕ੍ਰੋਧ ਵਿਚ ਕੀਤੇ ਕਰਮ ਨਹੀਂ ਪਸੰਦ ਸਾਨੂੰ ਉਸ ਦੇ ਰਸਤੇ ਤੇ ਚੱਲਣ ਲਈ "ਸੋ ਸੂਚਾ ਜੋ ਕ੍ਰੋਧ ਨਿਵਾਰੇ" ਅਪਣਾਉਣਾ ਪਵੇਗਾ।

ਪਰ ਇਨਸਾਨ ਕਮਜ਼ੋਰ ਹੋ ਜਾਂਦਾ ਹੈ ਇੰਦਰੀਆਂ ਵਸ, ਕ੍ਰੋਧ ਦੇ ਵਸ ਪਿਆ, ਬਾਰ ਬਾਰ ਕਰਮ ਕਮਾਂਉਂਦਾ ਹੈ ਤੇ ਸਾਰੀ ਉਮਰ ਕਰਮਾਂ ਦਾ ਲੇਖਾ ਦਿੰਦਿਆਂ ਨਿਕਲ ਜਾਂਦੀ ਹੈ।

ਕ੍ਰੋਧੀ ਆਪ ਵੀ ਕਲਪਦਾ ਹੈ, ਦੂਜਿਆਂ ਨੂੰ ਵੀ ਕਲਪਾਂਦਾ ਹੈ।

ਅਨੇਕ ਯਤਨ ਕਰੇ ਇੰਦਰੀ ਵਸ ਨ ਹੋਈ, ਕਾਮ ਕ੍ਰੋਧ ਜਲੈ ਸਭ ਕੋਈ॥ 1062

ਕਰੋਧ ਵਿਚ ਜੋ ਜ਼ੁਲਮ ਦੂਜੇ ਤੇ ਕਮਾਂਦੇ ਹਾਂ। ਉਸਦਾ ਲੇਖਾ ਦੇਣਾ ਔਖਾ ਹੁੰਦਾ ਹੈ। ਰਬ ਨੇ ਤਾਂ ਜਵਾਬ ਮੰਗਣਾ ਹੀ ਹੈ:

"ਕਬੀਰ ਜੋਰ ਕੀਆ ਸੋ ਜੁਲਮ ਹੈ, ਲੇਇ ਜਬਾਬ ਖੁਦਾਇ॥
ਦਫਤਰਿ ਲੇਖਾ ਨੀਕਸੈ ਮਾਰ ਮੌਹੇ ਮੁਹਿ ਪਾਇ॥"

ਕੇਵਲ ਗੁਰਦੁਆਰੇ ਮੰਦਰ ਜਾਂ ਮਸਜਦ ਬਹਿ ਕੇ ਭਗਤੀ ਨਹੀਂ ਹੁੰਦੀ। ਭਗਤੀ ਤਾਂ ਹਰ ਪਲ ਹਰ ਕਰਮ ਨਾਲ ਜੁੜੀ ਹੋਈ ਹੈ। ਜਦੋਂ ਅਸੀਂ ਉਸ ਦੇ ਬੱਚਿਆਂ ਨੂੰ ਪਿਆਰ ਦਿੰਦੇ ਹਾਂ, ਦੁਖ ਵੰਡਾਉਂਦੇ ਹਾਂ ਉਸ ਦੀ ਭਗਤੀ ਹੈ। ਪਰ ਸਾਡੇ ਕੋਲੋਂ ਸਾਰਾ ਕੁਝ ਗਲਤ ਹੋ ਰਿਹਾ ਹੈ। ਅਸੀਂ ਸਿਰਫ "ਕਹਿ ਕਬੀਰ ਪੰਚ ਕਾ ਝਗਰਾ।ਝਗਰਤ ਜਨਮ ਗਵਾਇਆ।" ਵਿਚ ਜੀਅ ਰਹੇ ਹਾਂ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੇ ਸਾਡੀਆਂ ਜ਼ਿੰਦਗੀਆਂ ਨੂੰ ਪੂਰੀ ਤਰ੍ਹਾਂ ਨਚਾਇਆ ਹੋਇਆ ਹੈ। ਸਾਡੇ ਤੇ ਪਰਮਾਤਮਾ ਦੇ ਵਿਚਲੀ ਦੂਰੀ ਦਾ ਮੂਲ ਕਾਰਨ ਹੀ ਇਹੀ ਹਨ। ਬਹੁਤ ਵਾਰੀ ਕੁਝ ਗਲਤ ਕਰਨ ਲੱਗਿਆਂ ਆਤਮਾ ਸਾਨੂੰ ਠਕੋਰਦੀ ਹੈ ਪਰ ਇਹਨਾਂ ਪੰਜਾਂ ਵਿਚੋਂ ਇਕ ਨ ਇਕ ਪ੍ਰਬਲ ਹੋ ਕੇ ਆਤਮਾ ਦੀ ਆਵਾਜ਼ ਨੂੰ ਦਬਾ ਦਿੰਦਾ ਹੈ ਤੇ ਅਸੀਂ ਕਮਜ਼ੋਰ ਪੈ ਜਾਂਦੇ ਹਾਂ। ਗੁਰਬਾਣੀ ਕਹਿੰਦੀ ਹੈ: "ਸੋ ਕਿਛੁ ਕਰੁ ਜਿਤੁ ਮੈਲ ਨ ਲਾਗੈ।" ਪਰ ਇਕ ਅਸੀਂ ਹਾਂ ਕਿ ਹਰ ਪਲ ਮੈਲ ਚੜ੍ਹਾਈ ਜਾਂਦੇ ਹਾਂ। ਸਾਡਾ ਹਰ ਕਰਮ ਮੈਲ ਵਧਾਂਦਾ ਹੈ। ਬਾਣੀ ਪਲ ਪਲ ਪੁਕਾਰਦੀ ਹੈ ਪਰ ਉਸ ਆਵਾਜ਼ ਨੂੰ ਅਣਦੇਖਾ ਕਰਕੇ ਅਸੀਂ ਜੀਵਨ ਵਿਚ ਮੈਲ ਭਰੀ ਜਾਂਦੇ ਹਾਂ। ਭਗਤ ਪਰਮਾਨੰਦ ਕਹਿੰਦੇ ਨੇ :

ਕਾਮ ਨ ਬਿਸਰਿਓ, ਕ੍ਰੋਧ ਨਾ ਬਿਸਰਿਓ, ਲੋਭੁ ਨ ਲੂਟਿਓ ਦੇਵਾ
**ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ**

ਫਿਰ ਗੁਰੂ ਸਾਹਿਬ ਫੁਰਮਾਂਦੇ ਹਨ ਕਿ ਐਸੇ ਬੰਦਿਆਂ ਦਾ ਕੀ ਅੰਜਾਮ ਹੋਵੇਗਾ–

ਕੂੜੁ ਬੋਲਿ ਬੋਲਿ ਭਉਕਣਾ ਚੂਕਾ ਧਰਮ ਬੀਚਾਰੁ
ਜਿਨ ਜੀਵੰਦਿਆਂ ਪਤਿ ਨਹੀਂ ਮੁਇਆ ਮੰਦੀ ਸੋਇ।

ਭਾਵ ਐਸੇ ਬੰਦਿਆਂ ਦੀ ਜੀਵਦਿਆਂ ਤਾਂ ਇੱਜ਼ਤ ਹੁੰਦੀ ਹੀ ਨਹੀਂ ਮਰਨ ਤੋਂ ਬਾਅਦ ਵੀ ਉਹਨਾਂ ਦੇ ਬਾਰੇ ਸਭ ਮਾੜਾ ਹੀ ਕਹਿੰਦੇ ਹਨ। ਐਸੇ ਬੰਦਿਆਂ ਨਾਲ ਨਾ ਕੋਈ ਬੋਲ ਕੇ ਖੁਸ਼ ਹੁੰਦਾ ਹੈ ਨਾ ਕੋਲ ਆਉਣਾ ਚਾਹੁੰਦਾ ਹੈ ਸਭ ਦੂਰ ਰਹਿੰਦੇ ਹਨ ਕਿ ਇਸ ਬੰਦੇ ਨੇ ਤਾਂ ਗੰਦ ਹੀ ਉਗਲਣਾ ਹੈ ਤੇ ਇਸ ਕੋਲ ਕੌਣ ਬੈਠੇ।

ਓਨਾ ਪਾਸਿ ਦੁਆਸਿ ਨ ਭਿਟੀਐ, ਜਿਨਾਂ ਅੰਤਰਿ ਕ੍ਰੋਧ ਚੰਡਾਲ॥

ਜਰਾ ਦੇਖੋ:

ਰਸਨਾ ਫਿਕਾ ਬੋਲਣਾ ਨਿਤ ਨਿਤ ਹੋਇ ਖੁਆਰ,
ਨਾਨਕ ਕਿਰਤਿ ਪਇਐ ਕਮਾਵਣਾ ਕੋਇ ਨਾ ਮੇਟਣਹਾਰ॥ ਪੰਨਾ 653

ਕ੍ਰੋਧੀਆਂ ਤੇ ਕੌੜਾ ਬੋਲਣ ਵਾਲਿਆਂ ਦਾ ਇਹ ਹਾਲ ਹੈ ਕਿ

ਝਗੜਾ ਕਰਦਿਆਂ ਅਨਦਿਨ ਗੁਦਰੈ ਸਬਦਿ ਨ ਕਰੈ ਬੀਚਾਰੁ॥
ਸੁਧਿ ਮਤਿ ਕਰਤੈ ਹਿਰਿ ਲਈ ਬੋਲਨਿ ਸਭ ਵਿਕਾਰ॥

ਇਕ ਹੋਰ ਸ਼ਬਦ ਵਿਚ

ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਬੁਧ ਸਭ ਬਿਸਰਾਈ (ਪੰਨਾ 219)
ਨਿਰਵੈਰੇ ਨਾਲਿ ਵੈਰੁ ਰਚਾਇਦਾ
ਆਪਣੇ ਘਰਿ ਲੂਕੀ ਲਾਇ
ਅੰਤਰਿ ਕ੍ਰੋਧੁ ਅਹੰਕਾਰ ਹੈ
ਅਨਦਿਨੁ ਜਲੈ ਸਦਾ ਦੁਖੁ ਪਾਇ। ਪੰਨਾ 1473

ਕੂੜ ਬੋਲਣ ਵਾਲੇ:

ਇਕਿ ਕੂੜਿ ਲਾਗੇ ਕੂੜੇ ਫਲ ਪਾਏ –ਤੇ ਫਿਰ – ਕੂੜਿ ਬੋਲਿ ਬਿਖੁ ਖਾਵਣਿਆ॥ ਪੰਨਾ 124

ਗੁਰਬਾਣੀ ਸਾਨੂੰ ਬੜੇ ਹੀ ਸੋਹਣੇ ਢੰਗ ਨਾਲ ਸਮਝਾਂਦੀ ਹੈ ਕਿ ਸਾਡੇ ਬੋਲ, ਸਾਡਾ ਸੁਭਾਅ, ਸਾਡਾ ਚਰਿੱਤਰ, ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ। ਅਸੀਂ ਆਪਣੇ ਆਪ ਨੂੰ ਕਿਵੇਂ ਸੰਵਾਰੀਏ ਕਿ ਦੁਨੀਆਂ ਵਿਚ ਨੇਕਨਾਮੀ 'ਤੇ ਪ੍ਰਭੂ ਪਰਮਾਤਮਾ ਦੀ ਨਜ਼ਰ ਵਿਚ ਪੂਰੇ ਉਤਰੀਏ। ਉਸਨੂੰ ਚੰਗੇ ਲੱਗੀਏ, ਉਸ ਦੇ ਪਿਆਰ ਦੇ ਪਾਤਰ ਬਣ ਸਕੀਏ। ਸਦਾ ਉਸ ਅੱਗੇ ਇਹੀ ਬੇਨਤੀ ਕਰੀਏ ਕਿ ਨਦਰਿ ਕਰੋ ਸੁਮਤ ਬਖਸ਼ੋ ਐਸੇ ਬੋਲ ਬੁਲਵਾਉ ਜੋ:

"ਮੁਹ ਕਿ ਬੋਲਣ ਬੋਲੀਏ ਜਿਤੁ ਸੁਣ ਧਰੇ ਪਿਆਰ॥ (ਜਪੁਜੀ ਸਾਹਿਬ)

ਹੇ ਵਾਹਿਗੁਰੂ ਸਾਡੀ ਅਵਸਥਾ–

"ਮਿਠਾ ਬੋਲਣ ਨਿਵਿ ਚਲਣਿ" ਵਾਲੀ ਬਣ ਜਾਏ। ਜਾਂ

"ਨਿਰਮਲ ਰਸਨਾ ਅਮ੍ਰਿਤ ਪੀਓ" ਵਾਲੀ ਅਵਸਥਾ ਆ ਜਾਏ। ਤਾਂ ਫਿਰ ਕੀ ਹੋਏਗਾ ਨਤੀਜਾ– "ਅੰਮ੍ਰਿਤ ਫਲ ਤਿਨ ਜਨ ਕੋ ਲਾਗੈ ਜੋ ਬੋਲੇ ਅੰਮ੍ਰਿਤ ਬਾਤਾ ਹੈ"

ਅਕਾਲ ਪੁਰਖ ਨੇ ਸਾਨੂੰ ਸੋਹਣੀ ਮਨੁੱਖਾ ਜੂਨ ਦਿੱਤੀ ਤੇ ਇੰਨੇ ਸੁੱਖ ਆਰਾਮ, ਨੈਣ, ਪ੍ਰਾਣ, ਕਰਨ, ਨਾਦ, ਹਸਤ, ਰਸਨਾ ਪਾਟ ਪਟੰਬਰ ਕੰਚਨ ਵਰਗੀ ਦੇਹ, ਬਾਗ, ਮਿਲਖ, ਧਨ ਦੌਲਤ ਸਭ ਸੁੱਖ ਦਿੱਤੇ ਪਰ ਬਦਲੇ ਵਿਚ ਕੁਝ ਨਹੀਂ ਮੰਗਿਆ। ਉਸ ਪ੍ਰਭੂ ਨੇ ਦਿੱਤਾ ਹੀ ਦਿੱਤਾ। ਉਹ ਸਾਡਾ ਮਾਂ ਬਾਪ ਹੈ ਤੇ ਇਕ ਅੱਛੇ ਮਾਂ ਬਾਪ ਵਾਂਗ ਸਾਨੂੰ ਆਪਣੇ ਬੱਚਿਆਂ ਨੂੰ ਨੇਕ, ਇੱਜ਼ਤਦਾਰ, ਨਿਮਰਤਾ, ਸ਼ਾਂਤ, ਅਦਬ, ਸਤਿਕਾਰ, ਪ੍ਰੇਮ ਭਰੀ ਸਿਫਤ ਸਲਾਹ ਭਰੀ ਜ਼ਿੰਦਗੀ ਬਿਤਾਂਦਿਆਂ ਦੇਖ ਕੇ ਖੁਸ਼ ਹੁੰਦਾ ਹੈ।

ਹਉਮੈ ਨਾਵੈ ਨਾਲਿ ਵਿਰੋਧ ਹੈ ਦੁਇ ਨ ਵਸਹਿ ਇਕ ਠਾਇ

ਸਾਡਾ ਮਨ ਕਮਜ਼ੋਰ ਹੈ ਸਾਨੂੰ ਆਪਣੀਆਂ ਭਾਵਨਾਵਾਂ ਤੇ ਕਾਬੂ ਨਹੀਂ ਰਹਿੰਦਾ। ਜਿੰਨੇ ਮਰਜ਼ੀ ਪਾਠ ਕਰੋ। ਜਿੰਨੀ ਮਰਜ਼ੀ ਸੇਵਾ ਪੁੰਨ ਦਾਨ ਕਰੋ ਪਰ ਜੇ ਚਿੱਤ ਕਠੋਰ ਹੈ, ਕ੍ਰੋਧੀ ਹੈ ਤਾਂ ਸਭ ਬਿਰਥਾ ਚਲਾ ਜਾਂਦਾ ਹੈ। ਬਾਣੀ ਫੁਰਮਾਂਦੀ ਹੈ: ਏਨੈ ਚਿਤਿ ਕਠੋਰਿ ਸੇਵ ਗਵਾਈਐ।

ਆਪਿ ਡੁਬੇ ਸਗਲੇ ਕੁਲ ਡੋਬੇ

ਕੂੜ ਬੋਲਿ ਬਿਖੁ ਖਾਵਣਿਆ ॥

ਹੋਰ ਦੇਖੋ:

ਅਤਿ ਕਰੋਧ ਸਿਉ ਲੂਝਦੇ ਅਗੈ ਪਿਛੈ ਦੁਖੁ ਪਾਵਹਿ ॥

ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥

ਸੋ ਸਦਾ ਸਤਿਗੁਰ ਅੱਗੇ ਇਹੀ ਅਰਜੋਈ ਕੀਤੀ ਜਾਏ ਕਿ ਵਾਹਿਗੁਰੂ ਸਾਡੇ ਅੰਦਰੋਂ ਕ੍ਰੋਧ ਤੇ ਅਹੰਕਾਰ ਦਾ ਨਾਸ ਕਰੋ। ਬਿਖੁ ਦਾ ਨਾਸ ਕਰੋ, ਈਰਖਾ ਤੇ ਬਦਲੇ ਦੀ ਭਾਵਨਾ ਮਿਟਾ ਕੇ ਨਾਮ ਦੇ ਅੰਮ੍ਰਿਤ ਨਾਲ ਭਰਪੂਰ ਕਰੋ। ਕਿਉਂਕਿ

ਜਿਸ ਦੇ ਅੰਦਰਿ ਤਾਤਿ ਪਰਾਈ ਹੋਵੈ ਤਿਸਕਾ ਕਦੇ ਨ ਹੋਈ ਭਲਾ। 308

ਤੇ ਸਤਿਗੁਰ ਕਹਿੰਦੇ ਨੇ:

**ਮਨੁ ਕਠੋਰੁ ਸਬਦਿ ਭੇਦਿ ਤੂੰ ਸਾਂਤਿ ਵਸੈ ਮਨਿ ਆਇ ॥**

**ਸਾਂਤੀ ਵਿਚਿ ਕਾਰ ਕਮਾਵਣੀ ਸਾ ਖਸਮੁ ਪਾਏ ਥਾਇ ॥**

ਉਹ ਸਾਡੇ ਤੋਂ ਉਮੀਦ ਰੱਖਦੇ ਹਨ

ਸਾਂਤਿ ਸੰਤੋਖਿ ਰਹਹੁ ਜਨ ਭਾਈ

ਖਿਮਾ ਗਹਹੁ ਸਤਿਗੁਰ ਸਰਣਾਈ ॥ 1030

ਗੁਰਬਾਣੀ ਕੀ ਸਿਖਾ ਰਹੀ ਹੈ ਪਰ ਅਸੀਂ ਇੰਦਰੀਆਂ ਦੇ ਵਸ ਪਏ ਭਲੇ ਭਟਕੇ ਫਿਰਦੇ ਹਾਂ ਸੋ ਆਉ ਅਰਦਾਸ ਕਰੀਏ ਤੇ ਫਰਿਆਦ ਕਰੀਏ:

ਮੈਂ ਦੀਜੈ ਨਾਮ ਨਿਵਾਸੁ ਅੰਤਰਿ ਸ਼ਾਂਤਿ ਹੋਇ ਗੁਣ ਗਾਵੈ ਨਾਨਕ ਦਾਸੁ ਸਤਿਗੁਰੁ ਮਤਿ ਦੇਇ ।(753)

ਕ੍ਰੋਧ ਵਿਚ ਕਿਸੇ ਨੂੰ ਦੁਖ ਨਾ ਦਈਏ। ਕਿਸੇ ਦਾ ਬੁਰਾ ਨਾ ਕਰੀਏ। ਫਿਰ ਉਸਦੀ ਮਿਹਰ ਵਰਸਦੀ ਹੈ। ਉਹ ਸਾਨੂੰ ਕਜ ਕੇ ਪਿਆਰ ਕਰਦਾ ਹੈ।

ਸਤੁ ਸੰਤੋਖ ਦਇਆ ਧਰਮ ਸ੍ਰੀਗਾਰ ਬਨਾਵਉ

ਸਫਲ ਸੁਹਾਵਣਿ ਨਾਨਕਾ ਅਪੁਨੇ ਪ੍ਰਭ ਭਾਵਉ

ਜੋ Medical Science ਅੱਜ ਲੰਬੀਆਂ researches ਤੋਂ ਬਾਅਦ prove ਕਰਦੀ ਹੈ ਕਿ ਕਰੋਧ ਕਾਰਨ hypertension ਦੇ ਨਾਲ ਸਰੀਰ ਅੰਦਰ ਖਤਰਨਾਕ ਨਤੀਜੇ ਨਿਕਲਦੇ ਹਨ। hypertension ਦੇ ਬੜੇ ਹੀ severe results ਹਨ ਜੋ ਸਿੱਧਾ ਦਿਲ, ਦਿਮਾਗ਼ ਤੇ ਕਿਡਨੀ ਤੇ ਅਸਰ ਕਰਦੇ ਹਨ। hypertension ਜੋ ਕਿ ਕ੍ਰੋਧ ਦਾ ਹੀ ਨਤੀਜਾ ਹੈ। ਵਰਨਾ ਜੋ ਇਨਸਾਨ ਸ਼ਾਂਤ ਹੈ ਜਿਸਨੂੰ ਗੁੱਸਾ ਨਹੀਂ ਆਉਂਦਾ, ਹਰ ਹਾਲਤ ਵਿਚ ਸਹਿਜ ਵਿਚ ਰਹਿੰਦਾ ਹੈ, ਉਸਨੂੰ Tension ਨਹੀਂ ਹੁੰਦੀ। Science ਨੇ ਤਾਂ ਇਥੋਂ ਤਕ ਵੀ ਕਿਹਾ ਹੈ ਕਿ ਬਹੁਤ ਕ੍ਰੋਧ ਵਿਚ ਆਣ ਨਾਲ ਅੰਦਰੋਂ Intestine ਵਿਚ bleeding ਹੁੰਦੀ ਹੈ ਜੋ ਬਾਹਰ ਪਤਾ ਨਹੀਂ ਲਗਦੀ। ਗੁੱਸੇ ਵਿਚ ਆਣ ਨਾਲ Blood Pressure high ਹੁੰਦਾ ਹੈ ਜੋ Heart, Brain ਤੇ kindly intestine ਤੇ ਅਸਰ ਕਰਦਾ ਹੈ। ਤੇ results ਬੜੇ ਭਿਆਨਕ ਹੁੰਦੇ ਹਨ। ਇਹੀ ਸਭ ਅੱਜ ਤੋਂ ਕਈ ਸਾਲ ਪਹਿਲੇ ਗੁਰੂ ਸਾਹਿਬਾਨ ਨੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰਬਾਣੀ ਵਿਚ ਸਾਨੂੰ ਬੜੇ ਸੋਹਣੇ ਢੰਗ ਨਾਲ ਸਮਝਾ ਦਿੱਤਾ ਕਿ ਕ੍ਰੋਧ ਸਰੀਰ ਦਾ ਨਾਸ ਕਰਦਾ ਹੈ (ਭੁੱਲ ਚੁੱਕ ਖਿਮਾ)

35/1, B-Model Gram, Ludhiana, 9878316640

# ਜੀਵਨ ਸੁਚੱਜ-2

## ਡਾ. ਕਰਨੈਲ ਸਿੰਘ ਸੋਮਲ

ਮੇਰੇ ਗੁਆਂਢੀਆਂ ਦੇ ਵਿਹੜੇ ਦੀ ਕੰਧੋਲੀ ਉੱਤੇ ਕਈ ਗਮਲੇ ਸਜੇ ਹਨ। ਕਈ ਭਾਂਤ ਦੇ ਬੂਟੇ ਹਨ ਇਨ੍ਹਾਂ ਵਿੱਚ। ਫੁੱਲ ਬੂਟੇ ਵੀ ਹਨ, ਫੁੱਲਾਂ ਜਿਹੇ ਖਿੱਚ ਪਾਉਂਦੇ ਹੋਰ ਬੂਟੇ ਵੀ। ਇਨ੍ਹਾਂ ਕਰਕੇ ਹੀ ਇਹ ਗਮਲੇ ਵੀ ਸਜੇ ਹੋਏ ਜਾਪਦੇ ਹਨ। ਸੜਕ ਵੱਲ ਦੀ ਇਹ ਛੋਟੀ ਕੰਧ ਵੀ ਤਾਹੀਓਂ ਸਜੀ ਜਾਪਦੀ ਹੈ। ਗੁਆਂਢੀਆਂ ਦਾ ਇਹ ਘਰ ਵੀ ਸੋਹਣਾ ਪਰਤੀਤ ਹੁੰਦਾ ਹੈ। ਇਹ ਪਿਆਰਾ ਸ਼ੌਕ ਪਾਲਣ ਵਾਲੇ ਇਹ ਗੁਆਢੀ ਮੈਨੂੰ ਕੋਮਲ ਚਿਤ ਅਤੇ ਸੁਹਜ ਭਾਵਨਾ ਵਾਲੇ ਲੱਗਦੇ ਹਨ।

ਜਦ ਕਦੇ ਵੀ ਮੈਂ ਆਪਣੇ ਘਰੋਂ ਬਾਹਰ ਨਿਕਲਦਾ ਹਾਂ, ਇਹ ਸੋਹਣੇ ਗਮਲੇ, ਮਨਮੋਹਕ ਫੁੱਲਾਂ ਦੀ ਸੁੰਦਰਤਾ ਨਾਲ ਮਾਲਾਮਾਲ ਹੋਏ, ਮੇਰਾ ਧਿਆਨ ਅਛੋਪਲੇ ਹੀ ਖਿੱਚ ਲੈਂਦੇ ਹਨ। ਇਹ ਸੁਹਜ ਸਹਿਜ ਹੀ ਮੇਰੀਆਂ ਅੱਖਾਂ ਰਾਹੀਂ ਮੇਰੀ ਰੂਹ ਵਿੱਚ ਉਤਰਨ ਲੱਗਦਾ ਹੈ। ਮੇਰੀ ਰੌਂਅ ਚੰਗੇਰੀ ਹੋ ਜਾਂਦੀ ਹੈ। ਮੇਰਾ ਮਸਤਕ ਸੁੰਦਰਤਾ ਲੱਦੇ ਗਮਲਿਆਂ ਅਤੇ ਇਨ੍ਹਾਂ ਵਿਚਲੇ ਭਾਂਤ ਭਾਂਤ ਦੇ ਬੂਟਿਆਂ ਅੱਗੇ ਝੁਕ ਜਾਂਦਾ ਹੈ। ਮੈਂ ਮਨੋਮਨੀ ਆਪਣੇ ਗੁਆਂਢੀਆਂ ਦਾ ਅਬੋਲ ਧੰਨਵਾਦ ਕਰਦਾ ਹਾਂ।

ਇਨ੍ਹਾਂ ਗਮਲਿਆਂ ਵਿੱਚ ਇਕ ਗਮਲਾ ਅਨੋਖਾ ਹੈ। ਹੈ ਤਾਂ ਉਹ ਹੋਰ ਗਮਲਿਆਂ ਜਿਹਾ ਹੀ ਪਰ ਖ਼ਾਸ ਬਣ ਗਿਆ ਉਸ ਵਿੱਚ ਉੱਗੇ ਵਿਸ਼ੇਸ਼ 'ਪਲਾਂਟ' ਦੇ ਕਾਰਨ। ਇਹ ਕੋਈ ਜੋਗੀ ਸੁਭਾ ਦਾ ਪਲਾਂਟ ਹੈ। ਮੈਨੂੰ ਇਸ ਦੇ ਨਾਂ ਦਾ ਪਤਾ ਨਹੀਂ ਹੈ। ਇਸ ਨਵੇਂ ਵੱਸੇ ਸ਼ਹਿਰ ਵਿੱਚ ਆਪੂੰ ਉੱਗੇ ਜਾਂ ਉਚੇਚੇ ਲਾਏ ਗਏ ਬਹੁਤੇ ਬਿਰਖਾਂ ਬੂਟਿਆਂ ਦੇ ਨਾਂਵਾਂ ਦਾ ਮੈਨੂੰ ਪਤਾ ਨਹੀਂ। ਕਦੇ ਪੁੱਛਦਾ ਵੀ ਹਾਂ ਤਾਂ ਅੰਗਰੇਜ਼ੀ ਨਾਂ ਮੇਰੇ ਯਾਦ ਨਹੀਂ ਰਹਿੰਦੇ। ਆਪਣੇ ਪਿੰਡ ਵਿੱਚ ਉੱਗੇ ਬਿਰਖ ਬੂਟੇ, ਹੋਰ ਤਾਂ ਹੋਰ ਘਾਹ ਬੂਟੀਆਂ ਤੱਕ ਨੂੰ ਮੈਂ ਜਾਣਦਾ ਸਾਂ। ਉਨ੍ਹਾਂ ਦੇ ਨਾਂ ਮੈਨੂੰ ਕਦੇ ਭੁੱਲੇ ਨਹੀਂ। ਖ਼ੈਰ, ਗਮਲੇ ਵਿੱਚ ਜਚਿਆ ਇਹ ਬੂਟਾ ਕਿਸੇ ਥੋਹਰ ਜਾਤੀ ਦਾ ਹੈ। ਇਸ ਦਾ ਵਜੂਦ ਕੰਡਿਆਲਾ ਹੈ।

ਫੱਗਣ ਅਤੇ ਚੇਤ ਵਿੱਚ ਜਦੋਂ ਵਣ ਤ੍ਰਿਣ ਨੂੰ ਫੁੱਲ ਆ ਜਾਂਦੇ ਹਨ, ਗਮਲੇ ਵਿੱਚ ਲਗਾਏ ਇਸ ਬੂਟੇ ਉੱਤੇ ਵੀ ਲੋਹੜੇ ਦੇ ਜੋਗੀਆ ਫੁੱਲ ਸਜ ਜਾਂਦੇ ਹਨ। ਠੀਕ ਹੈ, ਬਹਾਰ ਹੈ, ਹੋਲੀ ਅਤੇ ਹੋਲਾ ਮੁਹੱਲਾ ਵੀ ਲੁਭਾਉਣੀ ਉਡੀਕ ਪਿੱਛੋਂ ਆਏ ਸਨ। ਉਨ੍ਹਾਂ ਦੀ ਯਾਦ ਅਜੇ 'ਕੱਲ੍ਹ ਪਰਸੋਂ' ਵਾਲੀ ਹੈ। ਗਮਲੇ ਦਾ ਇਹ ਬੂਟਾ ਆਪਣੀ ਥਾਂ ਚਾਉ, ਉਤਸ਼ਾਹ ਅਤੇ ਉਮੰਗ ਦਾ ਪਰਚਮ ਲਹਿਰਾ ਰਿਹਾ ਹੈ। ਇਸ ਦਾ ਇਹ ਝੰਡਾ ਆਮ ਤਾਂ ਨਾ ਹੋਇਆ। ਕੋਈ ਕੰਡਿਆਂ ਨਾਲ ਭਰਿਆ ਹੋ ਕੇ ਵੀ ਹੌਸਲਾ ਕਰੇ ਖਿੜਨ ਦਾ, ਅਤੇ ਕੋਮਲ ਫੁੱਲਪੱਤੀਆਂ ਉਸ ਉੱਤੇ ਵੀ ਹਿਲੋਰਨ, ਇਹ ਤਾਂ

ਕਮਾਲ ਦੀ ਗੱਲ ਹੈ। ਕੰਡੇ ਗੁਲਾਬ ਦੇ ਬੂਟੇ ਨੂੰ ਵੀ ਹੁੰਦੇ ਹਨ ਪਰ ਉਸ ਦੀ ਹਰਿਆਲੀ ਕਰਕੇ ਇਹ ਬੇਮਾਲੂਮ ਹੁੰਦੇ ਹਨ। ਗੁਲਾਬ ਖਿੜਦਾ ਹੈ ਤਦ ਭੁੱਲ ਹੀ ਜਾਈਦਾ ਹੈ ਕਿ ਇਸ ਬੂਟੇ ਦੀ ਨਰਮ ਕਾਇਆ ਉੱਤੇ ਕੰਡੇ ਵੀ ਹਨ। ਗਮਲੇ ਵਿੱਚ ਅਟੰਕ ਖਲੋਤੇ ਇਸ ਜੋਗੀ ਬੂਟੇ ਉੱਤੇ ਤਾਂ ਨਿੱਕਾ ਹਰਾ ਪੱਤਾ ਸ਼ਾਇਦ ਹੀ ਕੋਈ ਹੈ। ਇਸ ਦੀਆਂ ਟਹਿਣੀਆਂ ਨੂੰ ਕੋਮਲਤਾ ਚਿਰੋਕੀ ਵਿਸਰੀ ਹੋਈ ਸੀ, ਸਦਾ ਸੋਕੇ ਵਿੱਚ ਰਹੀ ਧਰਤੀ ਦਾ ਜਾਇਆ ਜੁ ਹੋਇਆ।

ਮੈਂ ਉਥੋਂ ਘਦੇ ਆਪਣੇ ਕਈ ਜਾਣੂਆਂ ਨੂੰ ਕਹਿੰਦਾ ਹੈ, "ਵੇਖੋ, ਇਸ ਬੂਟੇ ਨੂੰ।" ਉਹ ਹੈਰਾਨ ਹੁੰਦੇ ਪੁੱਛਦੇ ਹਨ, "ਕਿਉਂ ਕੀ ਹੋਇਆ ਹੈ ਇਸ ਨੂੰ ?" ਮੈਂ ਕਹਿੰਦਾ ਹਾਂ, "ਔਖਿਆਈਆਂ ਦੇ ਬਾਵਜੂਦ ਕੋਈ ਕਿਵੇਂ ਖਿੜੇ, ਇਹ ਇਸ ਤੋਂ ਜਾਣੋ। ਇਹ ਮੋਟੇ ਮੋਟੇ ਕੰਡਿਆਂ ਨਾਲ ਭਰਿਆ ਹੈ, ਫਿਰ ਵੀ ਇਹ ਖਿੜ ਕੇ ਬਹਾਰ ਦਾ ਭਾਈਵਾਲ ਬਣਿਆ ਹੈ। ਇਹ ਬੂਟਾ ਪਾਣੀ, ਖਾਦ ਆਦਿ ਦੀ ਹੋਰ ਪੌਦਿਆਂ ਵਾਂਗ ਲੋੜ ਨਹੀਂ ਰੱਖਦਾ। ਫਿਰ ਵੀ ਇਸ ਦੇ ਨਿੱਕੇ ਨਿੱਕੇ, ਅਤਿ ਕੋਮਲ, ਅਤਿ ਪਿਆਰੇ ਫੁੱਲ, ਤੇ ਉਹ ਵੀ ਜੋਗੀਆ ਰੰਗ ਦੇ ਖਿੜੇ ਹਨ। ਸੰਸਾਰ ਦੇ ਬਹੁਗਿਣਤੀ ਲੋਕ, ਔਕੜਾਂ ਝੱਲਦੇ ਇਸ ਤਾਸੀਰ ਦੇ ਹੀ ਤਾਂ ਬਣ ਗਏ ਹਨ। ਸਖ਼ਤ ਮਿਹਨਤ ਕਰਦਿਆਂ ਵੀ ਫਾਕੇ ਕੱਟਦੇ ਹਨ। ਫਿਰ ਵੀ ਮੌਜ ਦੀ ਹਾਲਤ ਵਿੱਚ ਰਹਿੰਦੇ ਹਨ। ਖੁੱਲ੍ਹ ਕੇ ਹੱਸਦੇ ਵੀ ਹਨ। ਵਾਹ ਜੀ ਵਾਹ, ਇਹ ਗਮਲੇ ਦਾ ਬੂਟਾ, ਇਹ ਤਾਂ ਬੜੀ ਸੋਹਣੀ ਕਿਤਾਬ ਹੈ ਪਰ ਤਾਂ ਜੇ ਕੋਈ ਪੜ੍ਹ ਪਾਵੇ ਇਸ ਨੂੰ।" "ਵਾਹ ਜੀ ਵਾਹ" ਆਖਦਾ ਮੇਰਾ ਜਾਣੂ ਆਪਣੇ ਰਾਹ ਤੁਰ ਪੈਂਦਾ ਹੈ। ਜੋਗੀ ਸੁਭਾ ਦਾ ਇਹ ਗਮਲੇ ਵਿੱਚ ਖਲੋਤਾ ਬੂਟਾ ਮੁੜ ਮੇਰਾ ਧਿਆਨ ਮੱਲ ਲੈਂਦਾ ਹੈ।

## ਸਕੂਲ ਦੇ ਵਿਹੜੇ ਵਿੱਚ ਖੇੜਾ

ਪੜ੍ਹਨ ਆਉਂਦੇ ਬੱਚਿਆ ਕਰਕੇ ਸਕੂਲ ਦਾ ਵਿਹੜਾ ਰੋਜ਼ ਖਿੜ ਉੱਠਦਾ ਹੈ। ਮਾਰਚ, ਅਪ੍ਰੈਲ ਵਿੱਚ ਜਦੋਂ ਚੁਫੇਰੇ ਹਰ ਬੂਟਾ ਬਿਰਖ ਖਿੜ ਉੱਠਦਾ ਹੈ, ਸਕੂਲ ਦੀਆਂ ਕਿਆਰੀਆਂ ਵੀ ਫੁੱਲਾਂ ਨਾਲ ਭਰ ਜਾਂਦੀਆਂ ਹਨ। ਸਮਝੋ, ਖੇੜਾ ਦੂਣ ਸਵਾਇਆ ਹੋ ਜਾਂਦਾ ਹੈ। ਸਕੂਲ ਲੱਗਣ ਤੋਂ ਪਹਿਲਾਂ ਨੱਸਦੇ ਭੱਜਦੇ ਬੱਚਿਆਂ ਦੇ ਹਾਸੇ, ਕਿਲਕਾਰੀਆਂ ਨਾਲ ਸਕੂਲ ਦਾ ਵਿਹੜਾ ਭਰ ਜਾਂਦਾ ਹੈ। ਹੁਣ ਤਾਂ ਫੁੱਲ ਬੂਟੇ ਵੀ ਸ਼ਰਾਰਤੀ ਹੋਏ ਲੱਗਦੇ ਹਨ। ਸ਼ੁਕਰ ਹੈ, ਕੋਈ ਬੱਚਾ ਇਨ੍ਹਾਂ ਕਿਆਰੀਆਂ ਵਿੱਚ ਖਿੜੇ ਕਿਸੇ ਫੁੱਲ ਨਹੀਂ ਤੋੜਦਾ। ਉਨ੍ਹਾਂ ਨੇ ਰਲਮਿਲ ਕੇ ਆਪ ਹੀ ਤਾਂ ਲਾਏ ਸਨ ਇਹ ਪੌਦੇ, ਇਹ ਬੂਟੇ। ਇਸ ਲਈ, ਉਨਾਂ ਨੂੰ ਇਨ੍ਹਾਂ ਦਾ ਖਿੜਦੇ ਰਹਿਣਾ ਹੀ ਚੰਗਾ ਲਗਦਾ ਹੈ।

ਮਾਸਟਰ ਜੀ ਵੀ ਖਿੜੇ ਫੁੱਲਾਂ ਉੱਤੇ ਰੀਝ ਗਏ। ਸਕੂਲ ਲੱਗਣ ਤੇ ਆਖਣ, " ਆਓ, ਅੱਜ ਫੁੱਲਾਂ ਦੀਆਂ ਗੱਲਾਂ ਹੀ ਕਰੀਏ।" ਇਹ ਸੁਣ ਸਾਰੇ ਬੱਚੇ ਖਿੜਪੁੜ ਗਏ। ਮਾਸਟਰ ਜੀ ਬਹੁਤ ਖ਼ੁਸ਼ ਸਨ। ਉਨ੍ਹਾਂ ਨੇ ਕਿਹਾ, " ਠੀਕ ਹੈ, ਅੱਜ ਇਨ੍ਹਾਂ ਨੂੰ ਰੱਜ ਰੱਜ ਤੱਕੋ। ਇਨ੍ਹਾਂ ਨਾਲ ਗੱਲਾਂ ਕਰੋ। ਇਨ੍ਹਾਂ ਦੇ ਬਾਰੇ ਵੀ ਗੱਲਾਂ ਕਰੋ।"

ਮੋਬਾਇਲ : 9814157137

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

ਪਿਛਲੇ ਅੰਕ ਦੀ ਬਾਕੀ

# ਗੁਰੂ ਅਤੇ ਰਾਗ, ਸਿੱਖ ਅਤੇ ਨਿਯਮ

ਕਰਮ ਸਿੰਘ ਰਤਨ

ਅਸੀਂ ਸਾਰੇ ਸਿੱਖ ਉਸ ਗੁਰੂ ਦੇ ਪੈਰੋਕਾਰ ਹਾਂ ਜੋ ਗੁਰੂ ਸਿਰਫ ਸੰਗੀਤ ਦੀ ਅਤੇ ਪ੍ਰੇਮ ਦੀ ਭਾਸ਼ਾ ਬੋਲਦਾ ਹੈ, ਪਰ ਸਾਡੇ ਜਿਤਨੇ ਵੀ ਗ੍ਰੰਥੀ ਜਾਂ ਸਿੰਘ ਸਾਹਿਬਾਨ ਹਨ, ਇਹ ਸਭ ਰਾਗ ਸਮਝ ਤੋਂ ਕੋਰੇ ਹਨ, ਹੋਣਾ ਤਾਂ ਇਹ ਚਾਹੀਦਾ ਹੈ ਕਿ ਜਦੋਂ ਕੋਈ ਵੀ ਵਿਅਕਤੀ ਤਾਨਪੁਰੇ ਵਜਾਣ ਵਾਲੇ ਬੈਠੇ ਹੋਣ, ਪਾਠ ਸੁਣਾਉਣ ਵਾਲੇ ਵਿਅਕਤੀ ਉਸੇ ਹੀ ਰਾਗ ਵਿਚ ਪੜ੍ਹ ਕੇ ਸੁਣਾਵੇ, ਜਿਸ ਰਾਗ ਵਿਚ ਗੁਰਬਾਣੀ ਲਿਖੀ ਹੋਈ ਹੋਵੇ। ਜੇ ਅਸੀਂ ਇਹ ਕੰਮ ਕਰ ਸਕਦੇ ਹਾਂ ਤਾਂ ਹੀ ਅਸੀਂ ਸਹੀ ਗ੍ਰੰਥੀ ਤੇ ਪ੍ਰਚਾਰਕ ਹਾਂ। ਨਹੀਂ ਤਾਂ ਅਧੂਰੇ ਗ੍ਰੰਥੀ ਤੇ ਅਧੂਚੇ ਪ੍ਰਚਾਰਕ ਹਾਂ।

ਜਿਸ ਤਰ੍ਹਾਂ ਬੰਗਾਲ ਵਿਚ ਸੰਗੀਤ ਨੂੰ ਤਰਜੀਹ (ਪਹਿਲ) ਦਿੱਤੀ ਜਾਂਦੀ ਹੈ, ਬੰਗਾਲ ਵਿਚ ਉਤਨੀ ਦੇਰ ਲੜਕੇ ਲੜਕੀ ਦੀ ਸ਼ਾਦੀ ਨਹੀਂ ਕੀਤੀ ਜਾਂਦੀ ਜਿਤਨੀ ਦੇਰ ਉਹ ਸੰਗੀਤ ਵਿਚ ਪਰਪੱਕ ਨਾ ਹੋ ਜਾਣ। ਲੇਕਿਨ ਸਿੱਖ ਕੌਮ ਦਾ ਤਾਂ ਇਸ਼ਟ ਹੀ ਸੰਗੀਤ ਦਾ ਮੁਜੱਸਮਾ ਹੈ। ਰਾਗ ਦਾ ਰੂਪ ਹੈ ਪਰ ਕੀ ਸਿੱਖ ਕੌਮ ਨੂੰ ਰਾਗ ਸੰਗੀਤ ਦੀ ਸਮਝ ਹੈ?

ਮੈਨੂੰ ਇਕ ਘਟਨਾ ਚੰਗੀ ਤਰ੍ਹਾਂ ਯਾਦ ਹੈ, ਉਹ ਏਥੇ ਲਿਖਣੀ ਜ਼ਰੂਰੀ ਸਮਝਦਾ ਹਾਂ। ਸੰਨ 1977 ਵਿਚ ਜਦੋਂ ਅਸੀਂ ਤਖਤ ਸ੍ਰੀ ਪਟਨਾ ਸਾਹਿਰ ਦੀ ਸੇਵਾ ਵਿਚ ਸਾਂ ਤੇ ਪ੍ਰਬੰਧਕ ਕਮੇਟੀ ਨੇ, ਤਖਤ ਸਾਹਿਬ ਦੀ ਉਗਰਾਹੀ ਕਰਨ ਵਾਸਤੇ ਸਾਡੀ ਡੀਊਟੀ ਲਾ ਦਿੱਤੀ।ਉਗਰਾਹੀ ਵਾਸਤੇ ਸਾਡੇ ਜੱਥੇ ਨੂੰ ਬੰਬਈ ਭੇਜਿਆ ਕਿ ਤੁਸੀਂ ਉਥੋਂ ਮਾਇਆ ਉਗਰਾਹ ਕੇ ਲਿਆਉ ਤੇ ਅਸੀਂ ਉਸ ਸੇਵਾ ਵਾਸਤੇ ਬੰਬਈ ਗਏ। ਅਸੀਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦਾਦਰ ਵਿਖੇ ਲਹਿਰੇ ਹੋਏ ਸਾਂ। ਉਹਨੀ ਦਿਨੀ ਨਿਹੰਗ ਸਿੰਘਾਂ ਦਾ ਬੁੱਢਾ ਦਲ, ਬੰਬਈ ਵਿਖੇ ਆ ਗਿਆ। ਬੁੱਢਾ ਦਲ ਦੇ ਨਾਲ, ਰਾਗੀ ਜੱਥਾ ਭਾਈ ਜੋਗਿੰਦਰ ਸਿੰਘ, ਮਹਿੰਦਰ ਸਿੰਘ ਜੀ ਪਟਿਆਲੇ ਵਾਲਿਆਂ ਦਾ ਜੱਥਾ ਸੀ, ਇਹ ਰਾਗੀ ਜੱਥਾ ਬਹੁਤ ਹੀ ਸੁਲਝਿਆ ਰਾਗੀ ਜੱਥਾ ਸੀ। ਇਹ ਕਲਾਸੀਕਲ ਕੀਰਤਨ ਵਿਚ ਬਹੁਤ ਮਾਹਿਰ ਸਨ। ਮੇਰੇ ਸੱਚੇ ਮਿੱਤਰ ਵਿਚੋਂ ਇਕ ਸਨ ਅਤੇ ਬਾਅਦ ਵਿਚ ਇਸ ਜੱਥੇ ਨੂੰ ਸਚਖੰਡ ਸ੍ਰੀ ਹਜ਼ੂਰ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਪੱਕੇ ਤੌਰ ’ਤੇ ਕੀਰਤਨ ਦੀ ਸੇਵਾ ਲਈ ਰੱਖ ਲਿਆ ਸੀ। ਇਕ ਦਿਨ ਬੁੱਢਾ ਦਲ ਦੇ ਜੱਥੇਦਾਰ ਸਾਹਿਬ ਨਾਲ ਵਿਚਾਰਾਂ ਚੱਲ ਰਹੀਆਂ ਹਨ, ਮੈਂ ਜੱਥੇਦਾਰ ਸਾਹਿਬ ਨੂੰ ਪੁੱਛਿਆ ਕਿ ਜੱਥੇਦਾਰ ਜੀ ਆਮ ਤੌਰ ’ਤੇ ਨਿਹੰਗ ਸਿੰਘਾਂ ਦੀ ਸ਼੍ਰੇਣੀ ਨੂੰ ਰਾਗ ਜਾਂ ਸੰਗੀਤ ਦੀ ਇਤਨੀ ਸਮਝ ਨਹੀਂ ਹੁੰਦੀ ਤਾਂ ਆਪ ਜੀ ਨੇ ਇਹ ਪੱਕੇ ਰਾਗ ਕਲਾਸੀਕਲ ਰਾਗ ਗਾਉਣ ਵਾਲਾ ਰਾਗੀ ਜੱਥੇ ਕਿਉਂ ਰੱਖਿਆ ਹੋਇਆ ਹੈ। ਇਸ ਦਾ ਕੀ ਕਾਰਨ ਹੈ। ਜੱਥੇਦਾਰ ਸਾਹਿਬ ਜੀ ਨੇ ਮੈਨੂੰ ਉੱਤਰ ਦਿੱਤਾ ਕਿ ਭਾਈ ਸਾਹਿਬ ਜੀ, ਜਦ ਸਾਡੇ ਗੁਰੂ ਸਾਹਿਬਾਂ ਨੇ ਸਾਰੀ ਬਾਣੀ ਰਾਗਾਂ ਵਿਚ ਹੀ ਉਚਾਰੀ ਹੈ ਤਾਂ ਬਾਣੀ ਸੁਣਾਉਣ ਵਾਲਿਆਂ ਨੂੰ ਵੀ ਤਾਂ ਰਾਗਾਂ ਦੀ ਸਮਝ ਹੋਣੀ ਚਾਹੀਦੀ ਹੈ ਅਤੇ ਬਾਣੀ ਸੁਣਨ ਵਾਲਿਆਂ ਨੂੰ ਵੀ ਰਾਗ ਸੰਗੀਤ ਦੀ ਸਮਝ ਹੋਣੀ ਚਾਹੀਦੀ ਹੈ। ਜੇਕਰ ਸੁਣਨ ਵਾਲੇ ਵੀ ਰਾਗ ਸੰਗੀਤ ਜਾਣਦੇ ਹੋਣਗੇ ਤਾਂ ਹੀ ਤਾਂ ਉਹ ਰਾਗੀ ਤੇ ਸੰਗੀਤਕਾਰਾਂ ਦੀ ਕਦਰ ਕਰਨਗੇ। ਜਿਹੜੇ ਸਰੋਤੇ ਰਾਗ ਸੰਗੀਤ ਦੀ ਸਮਝ ਨਹੀਂ ਰੱਖਦੇ, ਉਹ ਗੁਰੂ ਤੋਂ ਬੇਮੁੱਖ ਹਨ। ਉਹ ਬੋਲੇ ਤੇ ਬਹਿਰੇ ਹਨ। ਗੁਰੂ ਦੇ ਦਰਸ਼ਨ ਕਰਨ ਤੋਂ ਵੀ ਅੰਧੇ ਵੀ ਹਨ। ਅਸੀਂ ਇਸੇ ਲਈ ਇਹ ਰਾਗੀ ਜੱਥਾ ਨਾਲ ਰੱਖਿਆ ਹੋਇਆ ਹੈ ਤਾਂ ਕਿ ਸਾਨੂੰ ਵੀ ਕੁਝ ਸੰਗੀਤ ਦੀ ਸਮਝ ਪੈ ਜਾਵੇ। ਜਿਹਨਾਂ ਨੂੰ ਸੰਗੀਤ ਦੀ ਸਮਝ ਨਹੀਂ, ਉਹਨਾਂ ਨੂੰ ਸਿੱਖਣਾ ਚਾਹੀਦਾ ਹੈ।

ਅਸੀਂ ਕਈ ਥਾਵਾਂ ਤੇ ਗੁਰੂ ਕੇ ਸਿੱਖ ਰਾਗੀ ਸਿੰਘਾਂ ਨੂੰ ਇਹ ਕਹਿੰਦੇ ਵੇਖੇ ਗਏ ਹਨ ਕਿ ਭਾਈ ਸਾਹਿਬ ਜੀ

ਸਾਨੂੰ ਸਿੱਧਾ ਸਿੱਧਾ ਕੀਰਤਨ ਸੁਣਾਇਆ ਜੇ ਸਾਨੂੰ ਪੱਕਾ ਰਾਗ ਸਮਝ ਨਹੀਂ ਆਉਂਦਾ। ਇਹੀ ਕਾਰਨ ਹੈ ਕਿ ਸਾਡੇ ਪੰਜਾਬ ਦੀ ਸੰਤ ਸ਼੍ਰੇਣੀ ਨੇ ਧਾਰਨਾ ਵਾਲਾ ਕੀਰਤਨ ਢੋਲਕੀ ਚਿਮਟੇ ਨਾਲ ਕਰਨਾ ਸ਼ੁਰੂ ਕਰ ਦਿੱਤਾ। ਇਸ ਦਾ ਅਸਰ ਇਹ ਹੋਇਆ ਕਿ ਸਿੱਖ ਕੌਮ ਗੁਰੂ ਤੋਂ ਬੇਮੁੱਖ ਹੋ ਗਈ ਕਿਉਂਕਿ ਸੰਤ ਸ਼੍ਰੇਣੀ ਕੀਰਤਨ ਘਟ ਕਰਦੀ ਹੈ, ਪਰ ਗੱਪਾਂ ਅਤੇ ਸਾਖੀਆਂ ਜ਼ਿਆਦਾ ਸੁਣਾਉਂਦੀ ਹੈ। ਕਈ ਸਾਖੀਆਂ ਵੀ ਮਨ ਘੜ੍ਹਤ ਹੁੰਦੀਆਂ ਹਨ ਅਤੇ ਆਮ ਲੋਕ ਚਾਹੁੰਦੇ ਹਨ ਕਿ ਰਾਗੀ ਲੋਕ ਸਾਨੂੰ ਸਿੱਧੀਆਂ ਸਿੱਧੀਆਂ ਧਾਰਨਾ ਅਤੇ ਫਿਲਮੀ ਤਰਜ਼ਾਂ ਤੇ ਸੰਗੀਤ ਸੁਣਾਉਣ। ਗੱਪਾਂ ਅਤੇ ਸਾਖੀਆਂ ਸੁਣਾਉਣ। ਇਸ ਤਰ੍ਹਾਂ ਅਸੀਂ ਸਭ ਸਿੱਖ ਗੁਰੂ ਸਾਹਿਬ ਦੇ ਆਸ਼ੇ ਤੋਂ ਅਤੇ ਗੁਰਮਤਿ ਤੋਂ ਉਲਟ ਚੱਲਣ ਲੱਗ ਪਏ ਹਾਂ।

ਨਿਯਮ : ਜਦ ਅਸੀਂ ਗੁਰੂ ਕੇ ਸਿੱਖ ਹੁੰਦੇ ਹੋਏ, ਗੁਰੂ ਕੀ ਮਤ ਅਨੁਸਾਰ ਨਾ ਚਲ ਕੇ ਰਾਗ ਸੰਗੀਤ ਨੂੰ ਤਿਲਾਜਲੀ ਦੇ ਗਏ ਹਾਂ, ਉਥੇ ਅਸੀਂ ਆਪਣੇ ਨਿਯਮ ਵੀ ਗੁਰੂ ਆਸ਼ੇ ਨੂੰ ਛੱਡ ਕੇ ਆਪਣੇ ਹੀ ਬਣਾ ਲਏ ਹਨ, ਗੁਰੂ ਦੇ ਬਣਾਏ ਨਿਯਮਾਂ ਨੂੰ ਤਿਆਗ ਦਿੱਤਾ ਹੈ ਅਤੇ ਆਪਣੇ ਬਣਾਏ ਨਿਯਮਾਂ ਨੂੰ ਗੁਰਮਤਿ ਕਹਿਣਾ ਸ਼ੁਰੂ ਕਰ ਦਿੱਤਾ ਹੈ। ਗੁਰੂ ਸਾਹਿਬ ਜੀ ਨੇ ਜੋ ਨਿਯਮ ਤੈਅ ਕੀਤੇ ਹਨ, ਉਸ ਅਨੁਸਾਰ ਸਤਿਗੁਰ ਜੀ ਹੁਕਮ ਕਰਦੇ ਹਨ ਕਿ ਜੋ ਸਿੱਖ ਆਪਣੇ ਆਪ ਨੂੰ ਗੁਰੂ ਕਾ ਸਿੱਖ ਅਖਵਾਉਂਦਾ ਹੈ, ਉਸ ਦੇ ਇਹ ਨਿਯਮ ਇਹ ਗੁਰੂ ਕਾ ਹੁਕਮ ਲਾਗੂ ਹੋ ਜਾਂਦਾ ਹੈ, ਉਸ ਵਾਸਤੇ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਇਸ ਮਰਯਾਦਾ ਦਾ ਪਾਲਣ ਕਰੇ ਤੇ ਗੁਰੂ ਕੇ ਇਸ ਹੁਕਮ ਤੇ ਚੱਲਣ ਦੀ ਕੋਸ਼ਿਸ਼ ਕਰੇ। ਉਸ ਤੇ ਇਹ ਮਰਯਾਦਾ ਲਾਗੂ ਹੋ ਜਾਦੀ ਹੈ ਕਿ ਗੁਰੂ ਦਾ ਸਿੱਖ ਸਵਾ ਪਹਿਰ ਰਾਤ ਰਹਿੰਦੀ ਹੋਵੇ, ਉਸ ਵਕਤ ਅੰਮ੍ਰਿਤ ਵੇਲਾ ਹੁੰਦਾ ਹੈ, ਉਸ ਵਕਤ ਸੁੱਤਾ ਹੋਇਆ ਉੱਠੇ ਜਾਗੇ ਤੇ ਉੱਠ ਕੇ ਪਹਿਲੇ ਵਾਹਿਗੁਰੂ ਦਾ ਸਿਮਰਨ ਕਰੇ। ਸਿਮਰਨ ਕਰਦਾ ਹੋਇਆ ਹੀ ਉੱਠੇ। ਫਿਰ ਇਸ਼ਨਾਨ ਕਰ ਕੇ ਸੁੱਚਾ ਹੋ ਕੇ, ਗੁਰੂ ਉਪਦੇਸ਼ ਨੂੰ ਯਾਦ ਕਰੇ, ਯਾਨੀ ਨਿਤਨੇਮ ਜੋ ਗੁਰੂ ਨੇ ਹੁਕਮ ਕੀਤਾ ਹੈ ਉਸ ਦਾ ਪਾਲਣ ਕਰੇ। ਫਿਰ ਇਕ ਮਨ ਇਕ ਚਿੱਤ ਹੋ ਕੇ ਦਿਨ ਚੜ੍ਹਨ ਤੇ ਕੀਰਤਨ ਕਰੇ। ਬਹਿੰਦਿਆਂ ਉਠਦਿਆਂ ਖਾਂਦਿਆਂ ਪੀਂਦਿਆਂ ਹਰ ਵਕਤ ਸਿਮਰਨ ਕਰੇ। ਜੋ ਗੁਰੂ ਕਾ ਸਿੱਖ ਇਹਨਾਂ ਹੁਕਮਾਂ ਤੇ ਚੱਲਦਾ ਹੈ ਉਹ ਸਿੱਖ ਗੁਰੂ ਨੂੰ ਚੰਗਾ ਲਗਦਾ ਹੈ ਤੇ ਉਸ ਸਿੱਖ ਤੇ ਖੁਸ਼ ਹੋ ਕੇ ਫਿਰ ਸਤਿਗੁਰ ਉਸ ਨੂੰ ਆਪਣੇ ਉਪਦੇਸ਼ ਸੁਣਾਉਂਦਾ ਹੈ। ਜਿਸ ਨੂੰ ਗੁਰੂ ਉਪਦੇਸ਼ ਦਿੰਦਾ ਹੈ, ਸਤਿਗੁਰੂ ਐਸੇ ਸਿੱਖ ਦੀ ਚਰਨ ਧੂੜੀ ਆਪ ਲੋਚਦਾ ਹੈ। ਜੋ ਆਪ ਵੀ ਸਿਮਰਨ ਕਰਦਾ ਹੈ ਤੇ ਹੋਰਨਾਂ ਨੂੰ ਵੀ ਸਿਮਰਨ ਕਰਾਉਂਦਾ ਹੈ।

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥**
**ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥**
**ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥**
**ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥**
**ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥**
**ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥**
**ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥**

ਸੋ ਸਤਿਗੁਰ ਜੀ ਨੇ ਕਹਿਆ ਹੈ ਕਿ ਸਿੱਖ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰੇ। ਪਰ ਅਸੀਂ ਤਾਂ ਬਹੁਤਾਤ ਵਿਚ ਉਹ ਸਿੱਖ ਹਾਂ ਜਿਹੜੇ ਦਿਨ ਦੇ ਸੱਤ ਅੱਠ ਵਜੇ ਤੋਂ ਪਹਿਲੇ ਤਾਂ ਸੁੱਤੇ ਹੀ ਨਹੀਂ ਉੱਠਦੇ। ਕਈ ਸਿੱਖ ਤਾਂ ਦਾਸ ਨੇ ਅੱਖਾਂ ਨਾਲ ਦੇਖ ਹਨ, ਜਿਹੜੇ ਬਾਰਾਂ ਵਜੇ ਤੋਂ ਪਹਿਲਾਂ ਉੱਠਦੇ ਹੀ ਨਹੀਂ ਅਤੇ ਜਿੰਨੇ ਵੱਡੇ ਅਹੁਦੇ ਵਾਲਾ ਹੈ, ਉਤਨਾ ਹੀ ਜ਼ਿਆਦਾ ਸੌਂਦਾ ਹੈ। ਸਵੇਰੇ ਉੱਠਣ ਦਾ ਜਾਗਣ ਦਾ ਨਾਮ ਵੀ ਨਹੀਂ ਲੈਂਦਾ, ਹਾਂ ਜਿਹਨਾਂ ਲੋਕਾਂ ਦੀਆਂ ਸਰਕਾਰੀ ਨੌਕਰੀਆਂ ਹਨ ਤੇ ਛੇਤੀ ਡਿਊਟੀ ਤੇ ਪੁੱਜਣਾ ਹੁੰਦਾ ਹੈ ਉਹ ਮਜਬੂਰੀ ਵਸ ਛੇਤੀ ਜਾਗਦੇ ਹਨ ਜਾਂ ਹੋਰ ਕਾਰੋਬਾਰਾਂ ਵਾਸਤੇ ਜਲਦੀ ਉੱਠਦੇ ਹਨ। ਕਿਤੇ ਸਫਰ ਤੇ ਜਾਣਾ ਹੈ, ਟਰੇਨ ਫੜਨੀ ਹੈ। ਇਹ ਸਭ ਮਜਬੂਰੀ ਵਿਚ ਉੱਠਣਾ ਹੈ ਜਾਗਣਾ ਹੈ। ਪਰ ਸਿਰਫ ਪਰਮਾਤਮਾ ਲਈ ਜਾਗਣਾ ਜਾਂ ਗੁਰੂ ਲਈ ਜਾਗਣਾ, ਗੁਰੂ ਕੀ ਸੇਵਾ ਲਈ

ਜਾਗਣਾ, ਇਹੀ ਤਾਂ ਅਸਲੀ ਜਾਗਣਾ ਹੈ। ਸਤਿਗੁਰ ਫੁਰਮਾਨ ਕਰਦੇ ਹਨ

**ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ ॥੫॥**(ਮ: 5 ਪੰਨਾ 1018)

ਜਿਹੜੇ ਗੁਰੂ ਕੇ ਸਿੱਖ ਧਾਰਮਿਕ ਸ਼੍ਰੇਣੀ ਵਿਚ ਹਨ, ਭਾਵੇਂ ਉਹ ਕਿਸੇ ਵੀ ਅਹੁਦੇ ਤੇ ਹਨ (ਗ੍ਰੰਥੀ, ਰਾਗੀ, ਪ੍ਰਚਾਰਕ, ਸਾਰੇ ਧਾਰਮਿਕ ਆਗੂ, ਸੰਤ ਮਹੰਤ, ਮਹਾਪੁਰਸ਼, ਇਹ ਸਭ ਉਗਲਾਂ 'ਤੇ ਗਿਣੇ ਜਾਣ ਵਾਲੇ ਹਨ, ਇਹ ਗੁਰੂ ਕੇ ਹੁਕਮ ਤੇ ਚਲ ਰਹੇ ਹਨ। ਆਪ ਚਲ ਰਹੇ ਹਨ, ਹੋਰ ਲੋਕਾਂ ਨੂੰ ਵੀ ਗੁਰੂ ਦੇ ਹੁਕਮ 'ਤੇ ਚੱਲਣ ਦੀ ਪ੍ਰੇਰਨਾ ਦੇਂਦੇ ਹਨ। ਭਾਵੇਂ ਉਹ ਆਪਣੀ ਡਿਊਟੀ ਵਾਸਤੇ, ਜਾਂ ਸੇਵਾ ਵਾਸਤੇ ਉੱਠਦੇ ਹਨ, ਪਰ ਉਹ ਧੰਨਤਾ ਦੇ ਯੋਗ ਹਨ, ਉਹ ਪੂਜਣਯੋਗ ਹਨ। ਕਮ ਸੇ ਕਮ ਸਤਿਗੁਰ ਨੇ ਉਹਨਾਂ ਤੋਂ ਆਪਣੀ ਸੇਵਾ ਤਾਂ ਲੈ ਲਈ ਹੈ। ਇਸ ਧਾਰਮਿਕ ਸ਼੍ਰੇਣੀ ਨੂੰ ਛੱਡ ਕੇ ਬਾਕੀ ਦੇ ਜਿਤਨੇ ਵੀ ਲੋਕ ਅਗਰ ਉਹ ਅੰਮ੍ਰਿਤ ਵੇਲੇ ਉੱਠਦੇ ਹਨ, ਉਹ ਉਹਨਾਂ ਦੀ ਮਜਬੂਰੀ ਹੈ। ਏਹ ਬਧਾ ਚਟੀ ਹੈ ਤੇ ਇਸ ਬਾਰੇ ਸਤਿਗੁਰ ਜੀ ਕਹਿੰਦੇ ਹਨ ਕਿ **ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ** ॥(ਪੰਨਾ 787) ਇਸ ਦਾ ਨਾਂ ਕੋਈ ਗੁਣ ਹੈ ਤੇ ਨਾ ਹੀ ਕੋਈ ਉਪਕਾਰ ਹੈ।

ਪਰ ਜਿਹੜੇ ਗੁਰੂ ਕੇ ਸਿੱਖ ਗੁਰੂ ਦੇ ਹੁਕਮ ਵਿਚ ਆਪਣਾ ਜੀਵਨ ਬਤੀਤ ਕਰਦੇ ਹਨ, ਉਹੀ ਗੁਰੂ ਕੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰ ਲੈਂਦੇ ਹਨ। ਉਹਨਾਂ ਦੀ ਆਤਮਾ ਸਵੱਛ ਹੋ ਜਾਂਦੀ ਹੈ। ਉਹ ਆਤਮਾ ਗੁਰੂ ਦਾ ਜਾਪ ਜਪਦੀ ਹੈ। ਉਸ ਦੇ ਸਭ ਕਿਲ ਵਿਖ, ਸਭ ਦੁੱਖ ਦਲਿਦਰ ਦੂਰ ਹੋ ਜਾਂਦੇ ਹਨ, ਪਰ ਅਸੀਂ ਸਿੱਖ ਤਾਂ ਜ਼ਰੂਰ ਅਖਵਾਉਂਦੇ ਹਾਂ, ਪਰ ਚਲਦੇ ਗੁਰੂ ਉਪਦੇਸ਼ ਤੋਂ ਉਲਟ ਹਾਂ, ਸਤਿਗੁਰ ਫੁਰਮਾਨ ਕਰਦੇ ਹਨ ਕਿ – **ਬੁਰੇ ਕਾਮ ਕਉ ਊਠਿ ਖਲੋਇਆ ॥ ਨਾਮ ਕੀ ਬੇਲਾ ਪੈ ਪੈ ਸੋਇਆ**(ਸੂਹੀ ਮ: 5, ਪੰਨਾ 738) ਪਹਿਲੇ ਤਾਂ ਅਸੀਂ ਅੰਮ੍ਰਿਤ ਵੇਲੇ ਜਾਗਦੇ ਹੀ ਨਹੀਂ। ਗੁਰੂ ਜੀ ਨੇ ਜੋ ਹੁਕਮ ਕੀਤਾ ਹੈ ਉਹ ਅਸੀਂ ਅਪਨਾਉਂਦੇ ਹੀ ਨਹੀਂ, ਸਤਿਗੁਰ ਜੀ ਨੇ ਅੰਮ੍ਰਿਤ ਵੇਲੇ ਸਿਮਰਨ ਕਰਨ ਲਈ ਕਿਹਾ ਹੈ, ਪਹਿਲਾਂ ਤਾਂ ਅਸੀਂ ਸਿਮਰਨ ਕਰਨਾ ਹੀ ਨਹੀਂ। ਜੇ ਕਰਦੇ ਹਾਂ ਤਾਂ ਰੌਲਾ ਪਾ ਕੇ ਸਿਮਰਨ ਕਰਦੇ ਹਾਂ। ਸਪੀਕਰ ਲਾ ਕੇ ਸਿਮਰਨ ਕਰਦੇ ਹਾਂ। ਲੋਕਾਂ ਨੂੰ ਨਸ਼ਰ ਕਰਦੇ ਹਾਂ ਕਿ ਅਸੀਂ ਬੜੇ ਵੱਡੇ ਭਗਤ ਹਾਂ। ਸਵੇਰੇ ਉੱਠ ਕੇ ਰੌਲਾ ਪਾ ਕੇ ਆਪਣੀ ਆਵਾਜ਼ ਲੋਕਾਂ ਨੂੰ ਸੁਣਾਉਂਦੇ ਹਾਂ ਜਦ ਕਿ ਸਿਮਰਨ ਕਰਨਾ ਜਾਂ ਨਿਤਨੇਮ ਦਾ ਪਾਠ ਕਰਨਾ, ਇਹ ਵਿਅਕਤੀਗਤ ਕਿਰਿਆ ਹੈ। ਜੋ ਕਿ ਇਕਾਂਤ ਵਿਚ ਬਹਿ ਕੇ ਕਰਨੀ ਚਾਹੀਦੀ ਹੈ ਜੋ ਕਿ ਹੋਰ ਕਿਸੇ ਦੂਜੇ ਨੂੰ ਪਤਾ ਹੀ ਨਾ ਲੱਗੇ ਕਿ ਅਸੀਂ ਸਿਮਰਨ ਕਰਦੇ ਹਾਂ। ਇਹ ਜਿਤਨੇ ਵੀ ਲੋਕ ਰੌਲਾ ਪਾ ਕੇ ਭਗਤੀ ਕਰਦੇ ਹਨ। ਮੈਂ ਕਈਆਂ ਨੂੰ ਨੇੜੇ ਹੋ ਕੇ ਵੇਖਿਆ ਹੈ ਇਹ ਸਭ ਕ੍ਰੋਧ ਨਾਲ ਭਰੇ ਪਏ ਹੁੰਦੇ ਹਨ, ਕੋਈ ਬੰਦਾ ਉਹਨਾਂ ਨੂੰ ਜ਼ਰਾ ਕੁ ਛੇੜ ਦੇਵੇ, ਉਹ ਉਸ ਦੇ ਗਲ ਪੈ ਜਾਂਦੇ ਹਨ। ਜੇ ਸਿਮਰਨ ਕਰ ਕੇ ਕ੍ਰੋਧ ਨਹੀਂ ਖਤਮ ਹੋਇਆ ਤਾਂ ਫਿਰ ਰੌਲਾ ਪਾਉਣ ਦੀ ਕੀ ਲੋੜ ਹੈ।

ਸਤਿਗੁਰ ਜੀ ਨੇ ਅੰਮ੍ਰਿਤ ਵੇਲੇ ਕੀਰਤਨ ਹੀ ਮਰਯਾਦਾ ਦਾ ਹੁਕਮ ਕੀਤਾ ਹੈ, ਸ੍ਰੀ ਹਰਿਮੰਦਰ ਸਾਹਿਬ ਦੀ ਕੀਰਤਨ ਮਰਯਾਦਾ ਦੀ ਅਸਲ ਮਰਯਾਦਾ ਹੈ ਜੋ ਕਿ ਅੰਮ੍ਰਿਤ ਵੇਲੇ ਤੜਕੇ 3 ਵਜੇ ਹੀ ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਹੋ ਜਾਂਦਾ ਹੈ। ਇਹ ਮਰਯਾਦਾ ਹੁਣ ਤਕ ਚਲੀ ਆ ਰਹੀ ਹੈ ਅਤੇ ਇਹ ਮਰਯਾਦਾ ਸ੍ਰੀ ਹਰਿਮੰਦਰ ਸਾਹਿਬ ਤੋਂ ਇਲਾਵਾ ਪੰਜਾਂ ਤਖਤਾਂ ਤੇ ਅਤੇ ਹੋਰ ਇਤਿਹਾਸਕ ਗੁਰਦੁਦੁਆਰਿਆਂ ਵਿਚ ਇਹ ਨਿਯਮ ਲਾਗੂ ਹਨ, ਪਰ ਆਮ ਗੁਰਦੁਆਰਿਆਂ ਜਾਂ ਸਿੰਘ ਸਭਾਵਾਂ ਵਿਚ, ਜੋ ਕੀਰਤਨ ਦਾ ਸਮਾਂ ਹੈ, ਉਸ ਸਮੇਂ ਅਸੀਂ, ਸੁਖਮਨੀ ਦੇ ਪਾਠ ਜਾਂ ਨਿਤਨੇਮ ਦੇ ਪਾਠ, ਵਾਹਿਗੁਰੂ ਦਾ ਜਾਪ, ਲੋਕਾਂ ਨੂੰ ਰੌਲਾ ਪਾ ਕੇ ਸੁਣਾਉਂਦੇ ਹਾਂ, ਜਦ ਕਿ ਭਜਨ ਜਾਂ ਪਾਠ ਗੁਪਤ ਹੋਣਾ ਚਾਹੀਦਾ ਹੈ। ਪੰਜਾਬੀ ਦੀ ਇਕ ਆਮ ਕਹਾਵਤ ਹੈ ਕਿ ਭੋਜਨ, ਭਜਨ, ਖਜਾਨਾ, ਨਾਰੀ। ਚਾਰੋ ਪੜਦੇ ਕੇ ਅਧਿਕਾਰੀ। ਅਰਥਾਤ : ਭੋਜਣ ਖਾਣਾ ਵੀ ਪੜ੍ਹਦੇ ਵਿਚ ਬਹਿ ਕੇ ਖਾਣਾ ਚਾਹੀਦਾ ਹੈ। ਭਜਨ ਵੀ ਪੜਦੇ ਵਿਚ ਇਕਾਂਤ ਵਿਚ ਹੀ ਕਰਨਾ ਚਾਹੀਦਾ ਹੈ। ਖਜਾਨਾ ਮਾਇਆ ਵੀ ਪੜਦੇ ਵਿਚ ਹੀ ਗਿਣੀ ਤੇ ਸੰਭਾਲੀ ਦੀ ਹੈ ਅਤੇ ਨਾਰੀ (ਇਸਤਰੀ) ਦਾ ਸੰਗ ਵੀ ਪੜਦੇ ਵਿਚ ਹੀ ਕਰੀਦਾ ਹੈ। ਪਰ ਅਸੀਂ ਹੋਰ ਤਾਂ ਸਾਰੇ ਕੰਮ ਪੜਦੇ ਵਿਚ ਕਰਦੇ ਹਾਂ, ਪਰ ਭਜਨ ਰੌਲਾ ਪਾ ਕੇ ਹੀ ਕਰਦੇ ਹਾਂ। ਆਸਾ ਦੀ ਵਾਰ ਦਾ ਕੀਰਤਨ ਤਾਂ ਅੰਮ੍ਰਿਤ ਵੇਲੇ ਕਰਨ ਦਾ ਹੁਕਮ ਹੈ ਤੇ ਆਮ ਗੁਰਦੁਆਰਿਆਂ ਵਿਚ ਕੀਰਤਨ ਉਸ ਵੇਲੇ ਸ਼ੁਰੂ ਹੁੰਦਾ ਹੈ, ਜਿਸ ਵੇਲੇ ਅੰਮ੍ਰਿਤ ਵੇਲੇ ਦਾ ਸਮਾਂ ਸਮਾਪਤ ਹੋ ਜਾਂਦਾ ਹੈ।

ਅੰਮ੍ਰਿਤ ਵੇਲਾ ਖਤਮ ਹੋ ਗਿਆ ਤੇ ਸਾਡੇ ਰਾਗੀ ਸਿੰਘ ਉਸ ਵੇਲੇ ਪੜ੍ਹਦੇ ਪਏ ਹੁੰਦੇ ਹਨ : ਹਰਿ ਅੰਮ੍ਰਿਤ ਭਿੰਨੇ ਲੋਇਣਾ, ਮਨ ਪ੍ਰੇਮ ਰਤਨਾ ਰਾਮ ਰਾਜੇ। ਕਈ ਵਾਰ ਰਾਗੀ ਸਿੰਘ ਪਹਿਲੇ ਸ਼ਬਦ ਪੜ੍ਹਦੇ ਹਨ : ਭਿੰਨੀ ਰੈਨੜੀਏ ਚਾਮਕਨਿ ਤਾਰੇ। ਇਹ ਸ਼ਬਦ ਉਸ ਵੇਲੇ ਪੜ੍ਹਨਾ ਚਾਹੀਦਾ ਹੈ, ਜਦੋਂ ਤਾਰੇ ਨਿਕਲੇ ਹੋਏ ਹੋਣ, ਅਸੀਂ ਪੜ੍ਹਦੇ ਹਾਂ, ਉਸ ਵੇਲੇ, ਜਦੋਂ ਦਿਨ ਚੜ੍ਹ ਜਾਂਦਾ ਹੈ ਤੇ ਤਾਰੇ ਅਲੋਪ ਹੋ ਜਾਂਦੇ ਹਨ। ਮਤਲਬ ਕਿ ਸਭ ਕੰਮ ਅਸੀਂ ਗੁਰੂ ਦੇ ਹੁਕਮ ਅਤੇ ਗੁਰੂ ਮਰਯਾਦਾ ਦੇ ਉਲਟ ਕਰਦੇ ਹਾਂ।

ਬਾਕੀ ਰਹੀ ਗੱਲ, ਰਾਗ ਬਸੰਤ ਦੇ ਨਿਯਮ ਦੀ, ਜਿਤਨੇ ਵੀ ਸੰਸਾਰ ਦੇ ਖਾਸ ਕਰ ਕੇ ਭਾਰਤ ਦੇ ਸੰਗੀਤ ਗ੍ਰੰਥ ਹਨ, ਇਹਨਾਂ ਸਭ ਸੰਗੀਤ ਗ੍ਰੰਥਾਂ ਵਿਚ ਬਸੰਤ ਰੁੱਤ ਦਾ ਸਮਾਂ ਚੇਤਰ ਅਤੇ ਵੈਸਾਖ ਦੇ ਮਹੀਨਿਆਂ ਵਿਚ ਲਿਖਿਆ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਗੁਰੂ ਸਾਹਿਬ ਜੀ ਨੇ ਬਸੰਤ ਰੁੱਤ ਚੇਤਰ ਅਤੇ ਵੈਸਾਖ ਵਿਚ ਹੀ ਲਿਖੀ ਹੈ। (ਰੁਤਿ ਸਰਸ ਬਸੰਤ ਮਾਹ ਚੇਤ ਵੈਸਾਖ ਸੁਖ ਮਾਸਿ ਜੀਉ) ਰਾਮਕਲੀ ਮ: 5 ਰੁੱਤੀ ਸਲੋਕ। ਪੰਨਾ 227। ਰਾਗ ਤੁਖਾਰੀ ਬਾਹਰ ਮਾਹ ਵਿਚ ਲਿਖਿਆ ਹੈ (ਚੇਤ ਬਸੰਤ ਭਲਾ ਸਵਰ ਸੁਹਾਵੜੇ) ਮ: 5, ਪੰਨਾ 1108) ਵੈਸੇ ਵੀ ਆਮ ਤੌਰ ’ਤੇ ਦੇਖਿਆ ਜਾਵੇ ਤਾਂ, ਜਿਤਨੇ ਵੀ ਪ੍ਰਕਿਰਤੀ ਵਿਚ ਦਰਖਤ ਤੇ ਪੇੜ ਪੌਦੇ ਹਨ, ਇਹ ਚੇਤਰ ਅਤੇ ਵੈਸਾਖ ਦੇ ਮਹੀਨਿਆਂ ਵਿਚ ਹੀ ਜਾ ਕੇ ਫਲਦੇ ਫੁੱਲਦੇ ਹਨ। ਸਭ ਪ੍ਰਕਿਰਤੀ ਮਹਿਕ ਉੱਠਦੀ ਹੈ। ਮਾਘ ਅਤੇ ਫੱਗਣ ਦੇ ਮਹੀਨਿਆਂ ਵਿਚ ਪਤਝੜ ਦੀ ਰੁੱਤ ਹੁੰਦੀ ਹੈ, ਜਿਸਨੂੰ ਸੰਗੀਤ ਗ੍ਰੰਥਾਂ ਵਿਚ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਿੰਮਤ ਰੁੱਤ ਕਿਹਾ ਗਿਆ ਹੈ। ਸਤਿਗੁਰ ਜੀ ਲਿਖਦੇ ਹਨ ਕਿ ਹਿਮਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ ॥(ਮ: 5, ਪੰਨਾ 929) ਪਰ ਅਸੀਂ ਸਾਰੇ ਹੀ ਗੁਰੂ ਕੇ ਸਿੱਖ ਅਖਵਾਉਣ ਵਾਲੇ ਸ੍ਰੀ ਹਰਿ ਮੰਦਰ ਸਾਹਿਰ ਜੀ ਦੇ ਅੰਤਰ ਮਾਘ ਅਤੇ ਫੱਗਣ ਦੇ ਮਹੀਨਿਆਂ ਦੇ ਵਿਚ ਹੀ, ਬਸੰਤ ਰਾਗ ਕੇ ਸਮਾਪਤੀ ਕਰ ਦੇਂਦੇ ਹਾਂ। ਇਸ ਨਿਯਮ ਬਾਰੇ ਦਾਸ ਨੇ ਕਈ ਵਾਰ, ਹਰਿ ਮੰਦਰ ਸਾਹਿਬ ਜੀ ਦੇ ਗ੍ਰੰਥੀ ਅਤੇ ਸਿੰਘ ਸਾਹਿਬਾਨ ਕੋਲੋਂ ਪੁੱਛ ਵੀਚਾਰ ਕੀਤੀ ਹੈ, ਪਰ ਕਿਸੇ ਨੇ ਵੀ ਤਸੱਲੀ ਬਖਸ਼ ਉੱਤਰ ਨਹੀਂ ਦਿੱਤਾ। ਜਿੱਥੋ ਤਕ ਮੇਰਾ ਆਪਣੀ ਵਿਚਾਰ ਹੈ ਕਿ ਜਦੋਂ ਸ੍ਰੀ ਹਰਿ ਮੰਦਰ ਸਾਹਿਬ ਜੀ ਤੇ ਮਹੰਤਾਂ ਦਾ ਕਬਜ਼ਾ ਸੀ ਅਤੇ ਮਹੰਤ ਲੋਕ ਸਾਰੇ ਬ੍ਰਾਹਮਣੀ ਵੀਚਾਰਧਾਰਾ ਦੇ ਵਿਅਕਤੀ ਸਨ ਤੇ ਉਹ ਬ੍ਰਾਹਮਣਾਂ ਵਾਲੀਆਂ ਹੀ ਮਰਯਾਦਾਵਾਂ ਚਲਾਉਂਦੇ ਹਨ,। ਉਸ ਜ਼ਮਾਨੇ ਵਿਚ ਬਸੰਤ ਪੰਜਮੀ ਮਾਘ ਦੇ ਮਹੀਨੇ ਵਿਚ ਹੀ ਮਨਾਈ ਜਾਂਦੀ ਸੀ ਅਤੇ ਮਹੰਤਾਂ ਨੇ ਏਥੋਂ ਹੀ ਪ੍ਰੇਰਨਾ ਲੈ ਕੇ ਰਾਗ ਬਸੰਤ ਤੇ ਫੱਗਣ ਵਿਚ ਗਾਉਣ ਦੀ ਮਰਯਾਦਾ ਕਾਇਮ ਕਰ ਦਿੱਤੀ। ਜਦ ਕਿ ਪ੍ਰਾਕਿਰਤੀ ਦੇ ਹਿਸਾਬ ਅਨੁਸਾਰ ਇਹ ਗਲਤ ਹੈ ਅਤੇ ਭਾਰਤੀ ਸੰਗੀਤ ਗ੍ਰੰਥਾਂ ਅਨੁਸਾਰ ਵੀ ਇਹ ਗਲਤ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਵੀ ਇਹ ਗਲਤ ਹੈ ਤੇ ਗਲਤ ਮਰਯਾਦਾ ਹੈ।

ਮੇਰੇ ਇਸ ਲੇਖ ਦਾ ਨਾਮ ਹੈ (ਗੁਰੂ ਅਤੇ ਰਾਗ ਸਿੱਖ ਅਤੇ ਨਿਯਮ) ਪਰ ਅਸੀਂ ਨਾਂ ਤਾ ਗੁਰੂ ਨੂੰ ਹੀ ਸਹੀ ਤਰ੍ਹਾਂ ਸਮਝ ਸਕੇ, ਨਾ ਹੀ ਰਾਗ ਨੂੰ ਹੀ ਅਰਥਾਂ ਵਿਚ ਅਪਨਾਇਆ ਤੇ ਨਾ ਸਿੱਖੀ ਵਿਚ ਹੀ ਪਕੇ ਰਹੇ ਤੇ ਗੁਰੂ ਆਸ਼ੇ ਤੋਂ ਉਲਟ ਚੱਲੇ। ਨਾ ਹੀ ਗੁਰੂ ਦੇ ਨਿਯਮਾਂ ਤੇ ਸਹੀ ਤੌਰ ’ਤੇ ਚੱਲੇ।

ਨੋਟ : ਇਹ ਸਾਰੇ ਉਪਰੋਕਤ ਵਿਚਾਰ ਮੇਰੇ ਆਪਣੇ ਹਨ ਅਤੇ ਇਹਨਾਂ ਵਿਚੋਂ ਕਈ ਗਲਤ ਵੀ ਹੋ ਸਕਦੇ ਹਨ। ਕਿਉਂਕਿ ਮੈਂ ਇਨਸਾਨ ਹਾਂ ਤੇ ਇਨਸਾਨ ਗਲਤ ਵੀ ਹੋ ਸਕਦਾ ਹੈ ਸੋ ਜੇ ਕਰ ਕੋਈ ਸੱਜਣ ਮੇਰੀ ਗਲਤੀਆਂ ਕੱਢੇ ਮੈਂ ਉਸ ਦਾ ਤਹਿ ਦਿਲ ਤੋਂ ਸ਼ੁਕਰਗੁਜ਼ਾਰ ਹੋਵਾਂਗਾ।

ਮੋਬਾਇਲ : 9780708747

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

# कीर्तनकार के रूप में गुरू नानक देव जी

## डॉ. प्रेम मच्छाल

सिक्ख धर्म और सिक्ख धर्म के कीर्तन की नींव गुरू नानक जी ने रखी । मध्यकालीन धर्म संस्थापकों तथा सन्तों में गुरू नानक देव जी का स्थान अत्यन्त महत्वपूर्ण है । गुरू नानक देव जी का जन्म 1469 ई. को बेदी परिवार में तलवण्डी नामक ग्राम में हुआ जिसे आजकल ''ननकाना साहिब'' भी कहते हैं जो पाकिस्तान में है । इनके पिता मेहता कालू व माता तृप्ता थी।[1] बचपन से ही अपका ध्यान वैराग्य, त्याग और भक्ति की तरफ था काव्य और संगीत में वि□ोश रूचि होने के कारण गुरू नानक देव जी ने इन कलाओं को ई□वरोपासना का मुख्याधार बनाया 18 वर्श की आयु में आपका विवाह माता सुलखनी से हुआ । आपके दो बेटे श्रीचन्द व लख्मी दास हुए।[2]

गुरू नानक देव जी ने धार्मिक क्षेत्र में भक्ति, धर्म और ज्ञान का समन्वय किया और तत्कालीन स्थितियों, समस्याओं का सम्यक् अनु□ालीन एवं वि□लेशण करके सन्त मार्ग की नींव डाली । गुरू नानक देव जी ने हरि कीर्तन एवं अपने विचारों के प्रचार के लिए आरम्भ से ही संगीत का आधार लिया बल्कि ऐसे कहा जा सकता है कि इन्होने संगीत के पुनरूत्थान के लिए ही अवतार लिया था।[3] इन्हीं के सिद्धांतों को अन्य गुरू साहिबान ने भी अपनाया। गुरमत कीर्तन से पहले भी संसार में कीर्तन प्रचलित रहा है परन्तु उस कीर्तन की रूप रेखा कुछ और थी ।

रासधारियों और भक्तियों आदि मतों ने संगीत को अपनी उपजीविका का साधन बना रखा था परन्तु गुरू नानक देव जी ने मानव में एकता, सद्भावना पैदा करके परमात्मा की प्र□ांसा को संगीत द्वारा मानव जाति के जीवन का आधार बनाया । संगीत का प्रभाव मानव हृदय पर भीघ्र ही पड़ता है । इसलिए कीर्तन परम्परा चलाने का आ□ाय भी प्रभु भक्ति को सरल व सुरीला बनाना ही था।[4]

संगीत विद्या का ज्ञान गुरू नानक देव जी को कहां से प्राप्त हुआ, इसका कहीं उल्लेख नहीं मिलता, न ही इस विशय में उन्होंने स्वयं कुछ कहा है और न ही किसी अन्य गुरू ने ही इस पर प्रका□ा डाला है । ऐसा समझा जाता है कि जैसे इंसान को

बोलने और चलने की क्षमता सहज नैसर्गिक रूप में प्राप्त होती है, उसी प्रकार संगीत का ज्ञान भी गुरू नानक देव जी को दैवी सम्पदा के रूप में प्राप्त हुआ । उन्होंने स्वयं भी कहा है – (गु. ग्र. सा. आसा महला 1 छनद घर 1 पृ. 436) अर्थात् मुझे मालूम नहीं कि गाते कैसे हैं, मै तो जैसा ऊपर वाला आदे□ा देता है वैसा ही गाता हूँ ।[5] अस्तुः यही माना जा सकता है कि यह विद्या इन्हे जन्म के साथ ही ई□वर कृपा के रूप में प्राप्त हुई । गुरू नानक देव जी की सम्पूर्ण वाणी कीर्तन के लिए ही लिखी गई । प्रचलित रागों के रूप में गाई गई और कीर्तन में गायन करके बताई गई । गुरू नानक देव जी ने यह गायकी किस पद्धति से अपनाई इसका निर्णय प्रमाणिक रूप से कठिन है । गुरू जी ने दे□ा–विदे□ा में पॉच भ्रमण किए और हर क्षेत्र के लोगों से सम्पर्क किया । स्वाभाविक रूप से ही उनकी गायन विधि में सभी तत्व घुल मिल जाने के कारण उसका एक अलग रूप स्थापित हो गया । जिसमें लोक गायकी और भाास्त्रीय गायकी के तत्व सम्मिलित हो गये ।[6]

डॉ. डी. एस. नरूला के अनुसार – ''उन्होंने (गुरू नानक देव जी ने) प्राचीन और मध्य कालीन ''कीर्तन'' परम्परा को अपनाया और साथ ही इसमें भाास्त्रीय, सरल भाास्त्रीय और लोक गीत भौलियों का सुन्दर प्रयोग किया जो भक्ति युग में ''कीर्तन भौली'' के लिए एक नया और आगे बढ़ने वाला कदम था ।''[7] सिद्धांत को स्वीकार करते हुए प्रार्थना और ''अरदास'' की रचनांओं को सुबह के रागों में रचा । गुरू जी ने कुछ वि□ाश इलाकों के राग भी प्रयोग किए जैसे राग, मांझ और तिलंग आदि । लोक गीतों के आधार पर भी कुछ रचनांए निबद्ध की जैसे ''बारहमाह'' और ''आसा दी वार'' आदि । गुरू जी की भिन्न–भिन्न गीत भौलियों और रचनाओं की एक सारता यह सिद्ध करती है कि उन्होंने लोक संगीत, भाास्त्रीय संगीत और सरल संगीत के साथ ही उत्तरी व दक्षिणी दोनों पद्वतियों के राग प्रयोग किये गुरू नानक देव जी ने अपने संगीत ज्ञान में कोई नवीन मत या पद्धति नहीं प्रकट की बल्कि भक्ति संगीत की प्राचीन परम्परा को मुख्य रख कर आध्यात्मिक संगीत का महत्व प्रकट किया है ।''[8]

गुरू नानक देव जी ने 30 वर्श तक दे□ा–दे□ाांतरों का भ्रमण किया जो सिक्ख इतिहास में ''उदासियों'' के नाम से जाना जाता है । उदासियों के समय ''भाई मरदाना'' गुरू जी के साथ रहे । गुरू जी ने अपनी वाणी को राग बद्ध संगीत के माध्यम से ही जनता तक पहुॅचाया । गुरू नानक देव जी ने रागाधारित कीर्तन की प्रथा का चित्रपात कर राग संगीत को नया जीवन प्रदान किया । संगीत तथा संगीतकारों में भी परिवर्तन भाुरू हुआ । इस काल में गाने बजाने का काम ''मीरासी''

जाति के लोग करते थे जो विद्वानों के मतानुसार प्रथमतः हिन्दु थे लेकिन मुस्लिम भाासन स्थापित हो जाने के प□चात् धर्म परिवर्तन कर मुस्लिम हो गये थे । अस्तुः कीर्तन के प्रचार के लिए उन्होंने इनका सहयोग लेना उपयुक्त समझा । गुरू जी की कृपा दृश्टि ''मरदाना'' नाम एक मीरासी पर पड़ी जो रबाब बजाने में निपुण था । राग के स्वरों पर गुरू जी तथा मरदाना हरि कीर्तन करते और श्रोताओं को आत्मविभोर कर देते ।''[9] गुरू जी ने नीची जाति वालो को भी समाज में सम्मान दिया । मरदाना एक तो मुस्लमान था दूसरा समाज में नीची समझी जाने वाली ''मीरासी'' जाति से सम्बन्ध रखता था । लेकिन गुरू जी का साथ पाकर उसकी प्रतिश्ठा को चार चॉद लग गये। उसके साथ ही सम्पूर्ण मीरासी जाति सम्मान की दृश्टि से देखी जाने लगी ।''[10]

भारतीय संगीत का इतिहास के लेखक के मतानुसार – ''गुरू नानक ने अपने संगीत मयी पदों से पंजाब को जगा दिया, पंजाब में उन्होंने एक नवीन एवं स्फूर्तिमय चेतना बिखेर दी । गुरू नानक द्वारा सारे पंजाब में संगीत का खूब प्रसार हुआ । संगीत पर अज्ञानता का जो घना आवरण डाल दिया गया था उसको गुरू जी ने बडी़ कु□ालता से ऊपर उठाया । नानक के भजन घर–घर में गूँजने लगे ।''[11]

गुरू नानक देव जी के कीर्तनकार (गायक) होने में कई विद्वानों में मतभेद हैं । कुछ विद्वानों का कहना है कि गुरू नानक देव जी स्वयं कीर्तनकार नही थे । यह केवल वाणी उच्चारण करते थे जिसे ''मरदाना'' ''रबाब'' के साथ गायन करता था । गुरू जी की वाणी पर अंकित किए हुए राग नाम भी उस समय की प्रचलित एक परम्परा थी जिसका पालन गुरू जी ने भी किया । स्वयं गुरू जी उस राग में वाणी नहीं गाते थे ।

लेकिन कुछ विद्वानों के अनुसार गुरू नानक देव जी कीर्तनकार थे । स्वयं गुरू नानक देव जी ने अपने आपको ''ढाढी'' स्वीकार किया है । जैसे –

1. हऊ ढाढी वेकार, कारे लाया । रात दिने के वार धुरों फरमाया ।
2. हऊ ढाढी का नीच जात, होर उत्तम जात सदांएंदे ।

आजकल लम्बी कविता में गुरू इतिहास या प्र□ांसा गाने वाले को ढाढी कहते हैं । परन्तु ढाढी भाब्द मध्यकाल में संगीतकार के लिए प्रयुक्त होता था ।[12]

गुरू साहिब द्वारा ''रबाबी'' साथी का चुनाव और ''रबाब'' का हमे□ाा साथ रहना यह सिद्ध करने के लिए काफी है कि वह एक अच्छे गायक थे और संगीत कला की अच्छी जानकारी थी ।[13]

गुरू जी के गायन के अनेकों प्रमाण मिलते हैं । सम्पूर्ण मध्यकालीन साहित्य में (जन्मसाखियों व अन्य पुस्तकों में) गुरू जी के गायन का प्रमाणिक वर्णन मिलता है । गुरू जी की प्रत्येक रचना किसी घटना से सम्बन्धित बताई गई है। प्रत्येक जन्म साखी में गुरू जी का प्रतिदिन कीर्तन करना बताया गया है।[14] गुरू नानक देव जी के कीर्तन की भाक्ति ने ही सज्जन नामक ठग को सही अर्थों में सज्जन बना दिया । यह तथ्य संगीत के मनोवैज्ञानिक प्रभाव को प्रमाणित करता है।[15]

मध्य युग में राग संगीत विलास का साधन बन चुका था उसको फिर से ई□वर के प्रेम में ढालने का प्रयत्न गुरू जी ने किया । गुरू जी ने बगदाद, मिस्र, ईरान, काबुल, तुर्किस्तान, तिब्बत, सिक्किम आदि का भ्रमण किया और इन सभी दे□ाों के निवासियों को अपने कीर्तन से मुग्ध कर दिया।[16]

उपरोक्त तत्थों से यह सिद्ध होता है कि गुरू जी स्वयं कीर्तन करते थे तथा सभी को कीर्तन करने के लिए प्रेरणा देते थे । उनकी वाणी में लिखा है—

1. नानक कहे सुन रे मना, कर कीर्तन होए सुधार ।
2. हर दिन रेण कीर्तन गाईए, बहुड़ न जोनि पाईए ।

दूसरों को कीर्तन के लिए प्रेरित करने वाले क्या खुद कीर्तन नहीं करते होंगे, ये प्र□न विचारणीय है । गुरू जी की संगीत प्रतिभा को निम्नलिखित संगीतकारों ने भी स्वीकार किया है ।

श्री दलीप चन्द वेदी, श्री उमे□ा जो□ाी, जोगिन्द्र सिंह, पं. विनायक राव पटवर्धन, एन. वी. पटवर्धन, चिन्तामणी पण्डित, गुरूदेव भीमसेन भार्मा, श्री बी. डी. देवा और पण्डित आत्म प्रका□ा इत्यादि ।

उपरोक्त विद्वानों के मतानुसार :— गुरू जी कीर्तन (गायन) करते थे । उनका मित्र ''मरदाना'' गायक व रबाब वादक था । गुरू जी ने अपनी □िाक्षा प्रचार का माध्यम संगीत (कीर्तन) बनाया । गुरू जी की रचनाओं पर 'राग नाम' व 'घर' अंकित हैं । गुरूद्वारों में आज भी उस कीर्तन भौली के परम्परागत अं□ा मौजूद हैं । संगीत के दृश्टिकोण से, भाव और रस तथा राग के समय के दृश्टिकोण से गुरू जी की रचनाएं ''बारहमाह' तथा ''आसा दी वार'' महत्वपूर्ण रचना है । ''आसा दी वार'' का गायन प्रातः काल में ही किया जाता है क्योकि यह राग आसा पर आधारित है ''राग आसा'' का गायन समय भी प्रातः काल है । इससे पता चलता है कि गुरू जी रागों के समय सिद्धांत से पूरी तरह परिचित थे ।

उपरोक्त प्रमाणिक तथ्यों को स्वीकार करना ही पड़ेगा कि गुरू जी महान संगीतकार

(कीर्तनकार) थे । गुरू जी की रचनाओं का सूक्ष्म अध्ययन करने से यह स्पश्ट सिद्ध हो जाता है कि वा गाते थे उन्होंने गायन की महिमा का बखान किया और साथ ही अपनी रचनाओं को गाने का आदो भी दिया है । जैसे :–

अविहु सिक्ख सतगुरू के प्यारे हो गावहो सच्ची बाणी ।

वाणी तां गावहों गुर केरी, वाणियाॅं सिर बाणी ।।

इतना ही नहीं फिर कारण भी स्पश्ट करते हैं कि –

राग नाद सब सच्च है, कीमत कहि न जाए ।।

अर्थात्ः– राग तथा इसका मूल 'नाद' सब सत्य है इसकी कीमत का वर्णन नही किया जा सकता और साथ ही कठोर परन्तु संगीतमयी वाणी से ये चेतवानी भी दी है । (साहित्य संगीत कला विहीनः साक्षात पु पुच्छ विशाण होनः) जैसे :–

इकना नाद न वेद न गिय, रसु रस कस न जाणत ।

इकना सुध त बुद्ध न अकल सर अखर का भैयो न लहन्त ।

नानक से नर असल खर जि बिन गुण गरब करंत ।

अर्थात साहित्य और संगीत के ज्ञान बिना मनुश्य पु के समान है । उपरोक्त भाब्द कोई महान साहित्यकार, संगीतकार अथवा वाकेयकार ही कह सकता है ।[17]

गुरू जी ने अपनी समस्त वाणी को रागों में उच्चारित किया है । गुरू जी ने आपनी वाणी का गायन 19 रागों में किया । अपनी काव्य रचना को 'राग के रस' अनुसार, ऋतुओं के अनुसार, राग समय के अनुसार, कुछ रचनाओं को प्रांतीय रागों में (जैसे – मांझ, तिलंग) कुछ को 'प्रसिद्ध लोकधुनों' के आधार पर रागों में निबद्ध किया है । कई जगह पर उन्होंने समप्रकृतिक तथा मिश्रित रागों का वर्णन किया है । समप्रकृतिक रागों में भी दो समान प्रकृति के रागों का ज्ञान होना आवयक है । यथार्त तो यह है कि श्री गुरू नानक देव जी को समप्रकृतिक, मिश्रित तथा भाुद्ध सभी प्रचलित रागों का ज्ञान था ।

Sandrabh Granth Suchi:-

1 आदि ग्रन्थ दर्शन – प्रो. प्यारा सिंह ''पदम्'', पृ. 32

2 श्री गुरू ग्रन्थ साहिब का साहित्यिक इतिहास – डा. तारन सिंह, पृ. 238

3 पंजाब की संगीत परम्परा–गीता पैन्तल, पृ. 110

4 सिक्ख धर्म अते संगीत – ए. एस. गोयल, पृ. 13

5 पंजाब की संगीत परम्परा – गीता पैंतल, पृ. 110, 116

6 सिक्ख संगीत का विकास – दविन्द्र सिंह, 'विद्यार्थी, पृ. 162

# ਸੁਰ ਲਿਪੀ - ਰਾਗ ਆਸਾਵਰੀ

(ਹਰਿਭਜਨ ਸਿੰਘ) 9316136268

ਥਾਟ : ਆਸਾਵਰੀ, ਜਾਤੀ : ਓਡਵ : ਸੰਪੂਰਣ,

ਵਰਜਿਤ: ਅਵਰੋਹ ਵਿਚ, ਗੁ ਤੈ ਨੁ, ਵਾਦੀ : ਧੁ,

ਸੰਵਾਦੀ : ਗੁ ॥ ਸਮਾਂ ਦਿਨ ਦੂਸਰਾ ਪਹਿਰ,

ਆਰੋਹ : ਸ ਰ ਮ ਪ ਧੁ ਸਂ ॥ ਅਵਰੋਹ ਸਂ ਨੁ ਧੁ ਪ ਮ ਗੁ ਰ ਸ

ਪਕੜ : ਸ, ਰ ਮ ਪ, ਨੁ ਧੁ, ਨੁ ਧੁ, ਪ, ਮ ਪ ਧੁ ਗੁ, ਰ, ਸ ॥

| | | | | | | | | | | | | | | | | | | | |
|---|---|---|---|---|---|---|---|---|---|---|---|---|---|---|---|---|---|---|---|
| × | | 2 | | | 0 | | 3 | | | × | | 2 | | | 0 | | 3 | | |
| 1 | 2 | 3 | 4 | 5 | 6 | 7 | 8 | 9 | 10 | 1 | 2 | 3 | 4 | 5 | 6 | 7 | 8 | 9 | 10 |
| ਸ | - | ਮ | - | ਮ | ਪ | - | ਪ | - | ਮ | (ਪ)ਧੁ | - | ਧੁ | - | ਪ | (ਨੁ)ਧੁ | - | ਪ | - | ਮ |
| ਹੇ | s | ਰ | s | ਵਿ | ਹੇ | s | ਸ | s | ਸਿ | ਹੇ | s | ਕ | s | ਰ | ਣਾ | s | ਨਿ | s | ਧ |
| ਧੁ | - | ਪ | - | ਧੁ | ਮ | ਪ | ਗੁ | - | ਰ | ਗੁ | - | ਮ | - | (ਰ)ਸ | ਰ | - | ਸ | - | - |
| ਮੇ | s | ਰੀ | s | ਅ | ਬੈ | s | ਬਿ | s | ਨ | ਤੀ | s | ਸੁ | s | ਨ | ਲੀ | s | ਜੈ | s | s |
| | | | | | | | | | | | | | | | | | | | |
| ਮ | ਪ | ਧੁ | - | ਪਧੁ | ਸਂ | - | ਸਂ | - | ਸਂ | ਧੁ | ਧੁ | ਸਂ | - | ਰਂ | ਸਂਰਂ | ਗੁਂ | ਗੁਂਰਂ | ਸਂਧੁ | ਪ |
| ਔ | s | ਰ | s | ਨs | ਮਾਂ | s | ਗ | s | ਤ | ਹ | ਉ | ਤੁ | s | ਮ | ਤੇ | s | ਕs | ss | ਛੁ |
| ਧੁ | - | ਪ | - | ਧੁ | ਮ | ਪ | ਗੁ | - | ਰ | ਗੁ | - | ਮ | - | (ਰ)ਸ | ਰ | - | ਸ | - | - |
| ਚਾ | s | ਹ | s | ਤ | ਹੌਂ | s | ਚਿ | s | ਤ | ਮੈਂ | s | ਸੋ | s | ਈ | ਕੀ | s | ਜੈ | s | s |
| ਸ | - | ਮ | - | ਮ | ਪ | - | ਪ | - | ਪ | (ਮ)ਗੁ | - | ਗੁ | - | ਮ | ਰ | - | ਸ | - | ਸ |
| ਸ਼ | s | ਸਤ੍ਰ | s | ਨ | ਸੌਂ | s | ਅ | s | ਤਿ | ਹੀ | s | ਰ | s | ਣ | ਡੀ | s | ਤ | s | ਰ |
| ਸ | - | ਮ | - | ਮ | ਪ | - | ਪ | - | ਮ | (ਪ)ਧੁ | - | ਧੁ | - | ਪ | ਧੁ | - | ਪ | - | ਮ |
| ਜੂ | s | ਝ | s | ਮ | ਰੌਂ | s | ਤਉ | s | s | ਸਾ | s | ਚ | s | ਪ | ਤੀ | s | ਜੈ | s | s |
| | | | | | | | | | | | | | | | | | | | |
| ਮ | ਪ | (ਨੁ)ਧੁ | - | ਪਧੁ | ਸਂ | - | ਸਂ | - | -ਸਂ | ਧੁ | - | ਸਂ | - | ਰਂ | ਸਂਰਂ | ਗੁ | ਗੁਂਰੁਂ | ਸਂਧੁ | ਪ |
| ਸੰ | s | ਤ | s | sਸ | ਹਾ | s | ਇ | s | sਸ | ਦਾ | s | ਜ | s | ਗ | ਮਾ | s | ਹਿs | ss | ਕ੍ਰਿ |
| ਧੁ | - | ਪ | - | ਧੁ | ਮ | ਪ | ਗੁ | - | ਰ | ਗੁ | - | ਮ | - | (ਰ)ਸ | ਰ | - | ਸ | - | - |
| ਪਾ | s | ਕ | s | ਰ | ਸਯਾ | s | ਮ | s | ਇ | ਹੈ | s | ਬ | s | ਰ | ਦੀ | s | ਜੈ | s | s |


## IF YOU WANT TO DONATE

for Amrit Kirtan Magazine & Kirtan CD Sewa, you can send by Money Orders, Demand Drafts, Cheque to Amrit Kirtan Trust, # 422, Sector 15-A, Chandigarh or deposit online direct in Amrit Kirtan Trust Account No. 65079603302. FIC code State Bank of Patiala, IFS Code STBP 0000240, Sector 22-B, Chandigarh. For more information contact : Dr. Jagir Singh, Mobile : 09814053630

# ਸੁਰਲਿਪੀ ਵਾਲੇ ਸ਼ਬਦਾਂ ਦੇ ਅਰਥ

ਹੇ ਰਵਿ ਹੇ ਸਸਿ ਹੇ ਕਰਣਾਨਿਧ ਮੇਰੀ ਅਬੈ ਬਿਨਤੀ ਸੁਨ ਲੀਜੈ ॥

-- ਔਰ ਨ ਮਾਂਗਤ ਹਉ ਤੁਮ ਤੇ ਕਛੁ ਚਾਹਤ ਹੋਂ ਚਿਤ ਮੈਂ ਸੋਈ ਕੀਜੈ ॥

-- ਸ਼ਸਤ੍ਰਨ ਸੋਂ ਅਤਿ ਹੀ ਰਣ ਭੀਤਰ ਜੂਝ ਮਰੋਂ ਤਊ ਸਾਚ ਪਤੀਜੈ ॥

-- ਸੰਤ ਸਹਾਇ ਸਦਾ ਜਗ ਮਾਇ ਕ੍ਰਿਪਾ ਕਰ ਸਯਾਮ ਇਹੈ ਬਰ ਦੀਜੈ ॥

## SHDF Scholarship 2014-15

For Students pursuing Professional Courses

(Up to Rs. 27,000 per student plus incentives up to Rs. 3,000 to Toppers)

ਸਿੱਖ ਹਿਊਮਨ ਡਿਵੈਲਪਮੈਂਟ ਫਾਊਂਡਰੇਸ਼ਨ ਯੂ. ਐੱਸ. ਏ. (SHDF) ਅਤੇ ਨਿਸ਼ਕਾਮ ਸਿੱਖ ਵੈਲਫੇਅਰ ਕੌਂਸਲ (ਰਜਿ:) ਨਵੀਂ ਦਿੱਲੀ ਵੱਲੋਂ ਮਾਨਤਾ ਪ੍ਰਾਪਤ ਕਾਲਿਜਾਂ/ ਯੂਨੀਵਰਸਿਟੀਆਂ ਵਿਚ, ਪ੍ਰੋਫੈਸ਼ਨਲ ਡਿਗਰੀ ਅਤੇ ਡਿਪਲੋਮਾ (Professional Degree & Diploma) ਕੋਰਸ (ਜਿਵੇਂ ਕਿ Engineering, IT, Computer Science, Medical, Nursing, Home Science, Architecture, Agriculture, Business Management, B.Ed, Journalism, CA etc.) ਕਰ ਰਹੇ ਵਿਦਿਆਰਥੀਆਂ ਤੋਂ ਸਕਾਲਰਸ਼ਿਪ ਲਈ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ।

ਯੋਗਤਾ : (1) ਪਿਛਲੇ ਇਮਤਿਹਾਨ ਵਿਚ ਘਟ ਤੋਂ ਘਟ 60% ਨੰਬਰ ਅਤੇ (2) ਪਰਿਵਾਰ ਦੀ ਆਮਦਨ 12,500/- ਰੁਪਏ ਮਹੀਨੇ (ਸਾਲਾਨਾ 1,50,000/- ਰੁਪਏ) ਤੋਂ ਵੱਧ ਨ ਹੋਵੇ।

ਅਰਜ਼ੀ ਦਾ ਫਾਰਮ ਅਤੇ ਹੋਰ ਜ਼ਰੂਰੀ ਜਾਣਕਾਰੀ, ਨਿਸ਼ਕਾਮ ਦੀ ਵੈਬਸਾਈਟ (ਮਮਮ।ਅਜਤੀ਼ਠ ਜਅ) ਤੇ ਦੇਖੀ ਜਾ ਸਕਦੀ ਹੈ। ਉਥੋਂ ਡਾਊਨਲੋਡ ਕਰਕੇ ਫਾਰਮ ਪੂਰੀ ਤਰ੍ਹਾਂ ਭਰ ਕੇ, ਪ੍ਰਮਾਣ ਪੱਤਰਾਂ ਦੀਆਂ ਕਾਪੀਆਂ (ਪਰਿਵਾਰ ਦੀ ਆਮਦਨੀ ਦਾ ਪ੍ਰਮਾਣ ਪੱਤਰ, ਟਿਊਸ਼ਨ ਫੀਸ ਅਤੇ ਹੋਰ ਖਰਚਿਆਂ ਦਾ ਵੇਰਵਾ ਰਸੀਦਾਂ) ਆਦਿ ਨਾਲ ਲਾ ਕੇ 15 ਜੂਨ, 2014 ਤਕ ਨਿਸ਼ਕਾਮ ਸਿੱਖ ਵੈਲਫੇਅਰ ਕੌਂਸਲ ਫੇ ਆਫਿਸ ਐਸ. ਐੱਚ. ਡੀ. ਐੱਫ. ਡਿਵੀਜ਼ਨ, ਨਿਸ਼ਕਾਮ ਸਿੱਖ ਵੈਲਫੇਅਰ ਕੌਂਸਲ (ਰਜਿ:) ਨਿਸ਼ਕਾਮ ਭਵਨ ਬੀ ਬਲਾਕ, ਤਿਲਕ ਵਿਹਾਰ, ਤਿਲਕ ਨਗਰ, ਨਵੀਂ ਦਿੱਲੀ 110018 (ਫੋਨ : 011-2833842/28334477) ਵਿਖੇ ਪਹੁੰਚਣੇ ਜ਼ਰੂਰੀ ਹਨ। ਯੋਗ ਵਿਦਿਆਰਥੀਆਂ ਦਾ ਪੰਜਾਬ ਅਤੇ ਨੈਤਿਕ ਗਿਆਨ ਦਾ ਲਿਖਤ ਟੈਸਟ 17 ਅਗਸਤ, 2014 ਨੂੰ ਨਵੀਂ ਦਿੱਲੀ, ਚੰਡੀਗੜ੍ਹ, ਲੁਧਿਆਣਾ, ਫਰੀਦਕੋਟ, ਮੋਗਾ ਅਤੇ ਅੰਮ੍ਰਿਤਸਰ ਵਿਖੇ ਹੋਵੇਗਾ। ਇਸ ਤੋਂ ਬਾਅਦ ਇੰਟਰਵਿਊ ਹੋਵੇਗਾ ਜਿਸ ਦੀ ਸੂਚਨਾ ਬਾਅਦ ਵਿਚ ਦਿੱਤੀ ਜਾਵੇਗੀ। (ਨੋਟ : 2014 ਵਿਚ ਬਾਰ੍ਹਵੀਂ ਦੀ ਪ੍ਰੀਖਿਆ ਦੇਣ ਵਾਲੇ ਵਿਦਿਆਰਥੀ ਵੀ ਅਰਜ਼ੀ ਦੇ ਸਕਦੇ ਹਨ, ਪਰ ਵਜ਼ੀਫਾ ਪ੍ਰੋਫੈਸ਼ਨਲ ਕੋਰਸ ਵਿਚ ਦਾਖਲਾ ਮਿਲਣ ਤੇ ਹੀ ਦਿੱਤਾ ਜਾਵੇਗਾ)

ਹਰ ਵਿਦਿਆਰਥੀ ਦਾ ਆਪਣਾ ਇਕ ਈਮੇਲ ਆਈ-ਡੀ ਹੋਣਾ ਜ਼ਰੂਰੀ ਹੈ ਕਿਉਂਕਿ ਵਿਦਿਆਰਥੀ ਨਾਲ ਚਿੱਠੀ-ਪੱਤਰੀ ਕੇਵਲ ਈਮੇਲ ਤੇ ਹੀ ਕੀਤੀ ਜਾਵੇਗੀ। ਵਧੇਰੇ ਜਾਣਕਾਰੀ ਲਈ ਈਮੇਲ ਕਰੋ nishkamsewa1984@gmail.com



ਗੁਰਮਤਿ ਸੰਗੀਤ ਦੇ ਉੱਘੇ ਕੀਰਤਨਕਾਰ ਪ੍ਰੋ: ਪਰਮਜੋਤ ਸਿੰਘ ਜੀ ਅਕਾਲ ਚਲਾਣਾ ਕਰ ਗਏ ਹਨ। ਅਸੀਂ ਅਦਾਰਾ ‘ਅੰਮ੍ਰਿਤ ਕੀਰਤਨ’ ਅਤੇ ‘ਅੰਮ੍ਰਿਤ ਕੀਰਤਨ ਟਰਸਟ ਵੱਲੋਂ ਸ਼ਰਧਾਂਜਲੀ ਅਰਪਤ ਕਰਦੇ ਹਾਂ।

Postal Regd. No. G/CHD /0045/2012-14 RNI Regd. No. 46788/89 ISSN 0972-2335

# ਬਾਬੀਹਾ ਅੰਮ੍ਰਿਤ ਵੇਲੇ ਬੋਲਿਆ




ਇਸ ਸੀ. ਡੀ. ਨੂੰ ਮੁਫਤ ਪ੍ਰਾਪਤ ਕਰਨ ਲਈ ਆਪਣਾ ਨਾਮ ਅਤੇ ਐਡਰੈਸ

ਮੋਬਾਇਲ ਨੰ: 09814053630

ਉੱਤੇ ਐਸ. ਐੱਮ. ਐਸ. ਕਰੋ ਜੀ

## ਅੰਮ੍ਰਿਤ ਕੀਰਤਨ

# 422, ਸੈਕਟਰ 15-ਏ, ਚੰਡੀਗੜ੍ਹ-160 015

ਮੋਬਾਇਲ : 09814053630

**E-mail : drjagirsingh@gmail.com Website : www.amritkirtan.com**